11-MAR-PAGE-1.qxd 3/10/2025 8:30 PM Page 2

ਮੰਗਲਵਾਰ, 11 ਮਾਰਚ, 2025
28 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 280

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 11 MARCH, 2025 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਸਟਾਲਿਨ ਵੱਲੋਂ ਕੇਂਦਰੀ ਮੰਤਰੀ ਨੂੰ ਜ਼ੁਬਾਨ ਸੰਭਾਲ ਕੇ ਬੋਲਣ ਦੀ ਤਾਕੀਦ



**ਚੇਨੱਈ** : ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ 'ਤੇ ਸੋਮਵਾਰ ਤਿੱਖਾ ਜਵਾਬੀ ਹਮਲਾ ਬੋਲਿਆ। ਪ੍ਰਧਾਨ ਨੇ ਲੋਕ ਸਭਾ ਵਿੱਚ ਕਿਹਾ ਸੀ ਕਿ ਤਾਮਿਲਨਾਡੂ ਸਰਕਾਰ ਪੀ ਐੱਮ ਸਕੂਲਜ਼ ਫਾਰ ਰਾਈਜ਼ਿੰਗ ਇੰਡੀਆ (ਪੀ ਐੱਮ ਸ਼੍ਰੀ) ਸਕੀਮ ਪ੍ਰਤੀ ਇਮਾਨਦਾਰ ਨਹੀਂ ਹੈ ਅਤੇ ਵਿਦਿਆਰਥੀਆਂ ਦਾ ਭਵਿੱਖ ਤਬਾਹ ਕਰ ਰਹੀ ਹੈ। ਸਟਾਲਿਨ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਧਰਮੇਂਦਰ ਪ੍ਰਧਾਨ ਨੇ ਹੰਕਾਰੀ ਰਾਜੇ ਵਾਂਗ ਬੋਲ ਕੇ ਤਾਮਿਲਨਾਡੂ ਦੇ ਲੋਕਾਂ ਦਾ ਅਨਾਦਰ ਕੀਤਾ ਤੇ ਉਨ੍ਹਾ ਨੂੰ ਜ਼ਬਤ ਵਿੱਚ ਰਹਿਣਾ ਚਾਹੀਦਾ ਹੈ। ਹੰਕਾਰੀ ਲਹਿਜ਼ੇ ਵਿੱਚ ਬੋਲਣ ਵਾਲੇ ਪ੍ਰਧਾਨ ਨੂੰ ਜ਼ੁਬਾਨ 'ਤੇ ਕੰਟਰੋਲ ਰੱਖਣਾ ਚਾਹੀਦਾ ਸੀ। ਸਟਾਲਿਨ ਨੇ ਕਿਹਾ ਕਿ ਤਾਮਿਲਨਾਡੂ ਸਰਕਾਰ ਕੇਂਦਰ ਸਰਕਾਰ ਦੀ ਪੀ ਐੱਮ ਸ਼੍ਰੀ ਸਕੀਮ ਲਾਗੂ ਕਰਨ ਲਈ ਅੱਗੇ ਨਹੀਂ ਆਈ ਹੈ ਤੇ ਇਸ ਲਈ ਕੋਈ ਉਨ੍ਹਾ ਨੂੰ ਮਜਬੂਰ ਵੀ ਨਹੀਂ ਕਰ ਸਕਦਾ। ਪ੍ਰਧਾਨ ਸਿਰਫ ਇਹ ਦੱਸਣ ਕਿ ਤਾਮਿਲਨਾਡੂ ਤੋਂ ਇਕੱਠਾ ਕੀਤਾ ਫੰਡ, ਜਿਹੜਾ ਇੱਥੋਂ ਦੇ ਵਿਦਿਆਰਥੀਆਂ ਲਈ ਸੀ, ਸੂਬੇ ਨੂੰ ਮੋੜਨਾ ਹੈ ਕਿ ਨਹੀਂ। ਤਾਮਿਲਨਾਡੂ ਵੱਲੋਂ ਨਵੀਂ ਸਿੱਖਿਆ ਨੀਤੀ, ਤਿੰਨ ਭਾਸ਼ਾਈ ਨੀਤੀ ਤੇ ਪੀ ਐੱਮ ਸ਼੍ਰੀ ਕਰਾਰ ਨੂੰ ਰੱਦ ਕਰਨ ਬਾਰੇ ਪ੍ਰਧਾਨ ਦੇ ਪੱਤਰ ਦਾ ਜ਼ਿਕਰ ਕਰਦਿਆਂ ਸਟਾਲਿਨ ਨੇ ਕਿਹਾ ਕਿ ਡੀ ਐੱਮ ਕੇ ਸਰਕਾਰ ਨਾਗਪੁਰ ਤੋਂ ਆਦੇਸ਼ ਲੈਣ ਵਾਲੇ ਭਾਜਪਾ ਆਗੂਆਂ ਦੇ ਉਲਟ ਆਪਣੇ ਲੋਕਾਂ ਦੇ ਵਿਚਾਰਾਂ ਦਾ ਸਤਿਕਾਰ ਕਰਕੇ ਚਲਦੀ ਹੈ।

ਲੋਕ ਸਭਾ ਦੀ ਕਾਰਵਾਈ ਸੋਮਵਾਰ ਅੱਧਾ ਘੰਟਾ ਨਹੀਂ ਚੱਲ ਸਕੀ ਜਦੋਂ ਡੀ ਐੱਮ ਕੇ ਮੈਂਬਰਾਂ ਨੇ ਪ੍ਰਧਾਨ ਦੀਆਂ ਟਿੱਪਣੀਆਂ ਵਿਰੁੱਧ ਪ੍ਰੋਟੈਸਟ ਕੀਤਾ। ਪ੍ਰਧਾਨ ਨੇ ਪੀ ਐੱਮ ਸ਼੍ਰੀ ਸਕੀਮ ਬਾਰੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਡੀ ਐੱਮ ਕੇ ਦੀ ਅਗਵਾਈ ਵਾਲੀ ਤਾਮਿਲਨਾਡੂ ਸਰਕਾਰ ਨੇ ਕੇਂਦਰ ਦੀ ਸਕੀਮ ਨੂੰ ਲਾਗੂ ਕਰਨ ਬਾਰੇ ਆਪਣਾ ਸਟੈਂਡ ਬਦਲ ਲਿਆ ਹੈ, ਜਿਹੜੀ ਕਿ ਕੇਂਦਰ, ਸੂਬੇ ਜਾਂ ਲੋਕਲ ਬਾਡੀਜ਼ ਦੇ ਪ੍ਰਬੰਧ ਵਾਲੇ ਸਕੂਲਾਂ ਨੂੰ ਮਜ਼ਬੂਤ ਕਰਨ ਵਾਲੀ ਹੈ। ਸੂਬੇ ਨੇ ਕੌਮੀ ਸਿੱਖਿਆ ਨੀਤੀ-2020 ਲਾਗੂ ਕਰਨ ਲਈ ਕੇਂਦਰ ਨਾਲ ਕਰਾਰ ਕਰਨਾ ਸੀ ਤੇ ਉਸਦੇ ਇਵਜ਼ ਵਿੱਚ ਕੇਂਦਰ ਸਰਕਾਰ ਨੇ ਫੰਡ ਦੇਣੇ ਸਨ। ਤਾਮਿਲਨਾਡੂ ਸਰਕਾਰ ਪਹਿਲਾਂ ਕਰਾਰ ਕਰਨ ਲਈ ਸਹਿਮਤ ਹੋ ਗਈ ਸੀ ਪਰ ਫਿਰ ਸਟੈਂਡ ਬਦਲ ਲਿਆ। ਕਰਨਾਟਕ ਤੇ ਹਿਮਾਚਲ ਵਰਗੇ ਕਈ ਗੈਰ-ਭਾਜਪਾ ਰਾਜਾਂ ਨੇ ਕਰਾਰ ਕੀਤੇ ਹਨ। ਪ੍ਰਧਾਨ ਨੇ ਕਿਹਾ ਕਿ ਤਾਮਿਲਨਾਡੂ ਵਾਲੇ ਬੇਈਮਾਨ ਹਨ ਤੇ ਵਿਦਿਆਰਥੀਆਂ ਦਾ ਭਵਿੱਖ ਤਬਾਹ ਕਰ ਰਹੇ ਹਨ। ਉਹ ਸਿਆਸਤ ਖੇਡ ਰਹੇ ਹਨ। ਉਹ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਅਤੇ ਵਿਦਿਆਰਥਾਂ ਨਾਲ ਬੇਇਨਸਾਫੀ ਕਰ ਰਹੇ ਹਨ। ਉਹ ਗੈਰਜਮਹੂਰੀ ਹਨ। ਸਟਾਲਿਨ ਵੀ ਪਹਿਲਾਂ ਮੰਨ ਗਏ ਸਨ ਪਰ ਅਚਾਨਕ ਕੋਈ ਸੁਪਰ ਸੀ ਐੱਮ ਨਿਕਲ ਆਇਆ। ਪ੍ਰਧਾਨ ਨੇ ਕਿਹਾ ਕਿ ਅਜੇ ਵੀ ਕਰਾਰ ਕਰਨ ਲਈ 20 ਦਿਨ ਬਚੇ ਹਨ। ਪ੍ਰਧਾਨ ਦੇ ਬਿਆਨ ਦਾ ਸਖਤ ਵਿਰੋਧ ਕਰਦਿਆਂ ਡੀ ਐੱਮ ਕੇ ਸਾਂਸਦਾਂ ਨੇ ਕੇਂਦਰ ਸਰਕਾਰ ਖਿਲਾਫ ਸਦਨ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਸਟਾਲਿਨ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਕਿ ਕੇਂਦਰ ਨੇ ਤਾਮਿਨਲਾਡੂ ਨੂੰ ਫੰਡ ਨਾ ਦੇ ਕੇ ਠਗੀ ਕੀਤੀ ਹੈ ਤੇ

● ਬਾਕੀ ਸਫ਼ਾ 2 'ਤੇ

## ਭਾਰਤੀ ਖੇਤੀ ਸੈਕਟਰ 'ਚ ਅਮਰੀਕਾ ਨੂੰ ਵੜਨ ਨਹੀਂ ਦਿੱਤਾ ਜਾਵੇਗਾ : ਬੰਤ ਬਰਾੜ



**ਚੰਡੀਗੜ੍ਹ** : ਅਮਰੀਕਾ ਟਰੰਪ ਦੀ ਅਗਵਾਈ 'ਚ ਭਾਰਤ ਦੀ ਖੇਤੀ ਆਰਥਿਕਤਾ ਵਿਚ ਵੜਨ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਕਰ ਰਿਹਾ ਹੈ, ਜਿਸ ਦਾ ਭਾਰਤੀ ਕਿਸਾਨਾਂ ਦੇ ਨਾਲ-ਨਾਲ ਹਰ ਵਰਗ ਵੱਲੋਂ ਸ਼ਕਤੀਸ਼ਾਲੀ ਵਿਰੋਧ ਹੋਣਾ ਚਾਹੀਦਾ ਹੈ। ਟਰੰਪ ਦੁਆਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦੇ ਖੇਤੀ ਸੈਕਟਰ ਨੂੰ ਅਮਰੀਕਨ ਕੰਪਨੀਆਂ ਅਤੇ ਕਾਰਪੋਰੇਟਾਂ ਵਾਸਤੇ ਖੋਲ੍ਹ ਦੇਣ ਬਾਰੇ ਦਬਾਅ ਪਾਉਣ 'ਤੇ ਪੰਜਾਬ ਸੀ ਪੀ ਆਈ ਨੇ ਤਿੱਖਾ ਪ੍ਰਤੀਕਰਮ ਕਰਦਿਆਂ ਆਖਿਆ ਹੈ ਕਿ ਅਜਿਹਾ ਹੋਣ 'ਤੇ ਨਾ ਕੇਵਲ ਦੇਸ਼ ਦਾ ਖੇਤੀ ਸੈਕਟਰ ਬਰਬਾਦ ਹੋਵੇਗਾ, ਸਗੋਂ ਸਾਰੇ ਦੇਸ਼ ਦੀ ਸਮੁੱਚੀ ਆਰਥਿਕਤਾ 'ਤੇ ਭਾਰੀ ਸੱਟ ਵੱਜੇਗੀ। ਭਾਰਤ ਅਜਿਹੀਆਂ ਨੀਤੀਆਂ ਦੀ ਮੁੱਢ ਤੋਂ ਹੀ ਜ਼ੋਰਦਾਰ ਵਿਰੋਧਤਾ ਕਰਦਾ ਆ ਰਿਹਾ ਹੈ, ਜਿਸ ਤਹਿਤ ਸੰਸਾਰ ਵਪਾਰ ਸੰਘ (ਡਬਲਿਊ ਟੀ ਓ) ਅਤੇ ਸੰਸਾਰ ਬੈਂਕ ਰਾਹੀਂ ਵਿਦੇਸ਼ੀ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਕੰਪਨੀਆਂ ਵਿਕਾਸਸ਼ੀਲ ਦੇਸ਼ਾਂ ਦੇ ਖੇਤੀ ਉਤਪਾਦਨਾਂ 'ਤੇ ਆਪਣੇ ਕਬਜ਼ੇ ਜਮਾਉਣਾ ਚਾਹੁੰਦੀਆਂ ਹਨ। ਪੰਜਾਬ ਸੀ ਪੀ ਆਈ ਦੇ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਮੋਦੀ ਸਰਕਾਰ ਦੇ ਅਮਰੀਕਨ ਪ੍ਰਧਾਨ ਟਰੰਪ ਪ੍ਰਤੀ ਕਮਜ਼ੋਰ ਅਤੇ ਡਰਪੋਕ ਰਵੱਈਏ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਆਖਿਆ ਹੈ ਕਿ ਦੇਸ਼ ਦੀਆਂ ਕ੍ਰਾਂਤੀਕਾਰੀ ਅਤੇ ਜਮਹੂਰੀ ਸ਼ਕਤੀਆਂ ਕਿਸੇ ਤਰ੍ਹਾਂ ਵੀ ਅਜਿਹੀ ਸਾਜ਼ਿਸ਼ ਨੂੰ ਸਫਲ ਨਹੀਂ ਹੋਣ ਦੇਣਗੀਆਂ।

## ਮਨਜੀਤ ਕੌਰ ਗਾਮੀਵਾਲਾ ਕਤਲ ਕੇਸ : ਮੰਗਾਂ ਮੰਨੇ ਜਾਣ ਉਪਰੰਤ ਧਰਨਾ ਚੁੱਕਣ ਦਾ ਫੈਸਲਾ





**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)**

ਸੀ ਪੀ ਆਈ ਦੀ ਨਿੱਧੜਕ ਤੇ ਨਿੱਡਰ ਆਗੂ ਤੇ ਸੂਬਾ ਕੌਂਸਲ ਮੈਂਬਰ ਅਤੇ ਜ਼ਿਲ੍ਹਾ ਪ੍ਰਧਾਨ ਪੰਜਾਬ ਇਸਤਰੀ ਸਭਾ ਮਾਨਸਾ ਮਨਜੀਤ ਕੌਰ ਗਾਮੀਵਾਲਾ ਦੇ ਸਿਆਸੀ ਕਤਲ ਦੇ ਦੋਸ਼ੀਆਂ ਦੀ ਗ੍ਰਿਫਤਾਰੀ, ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਉਣ, ਯੋਗ ਮੁਆਵਜ਼ਾ ਤੇ ਪਰਵਾਰ ਦੇ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀਆਂ ਮੰਗਾਂ ਸੋਮਵਾਰ ਮੰਨੇ ਜਾਣ ਉਪਰੰਤ ਬੁਢਲਾਡਾ 'ਚ ਤਿੰਨ ਦਿਨਾਂ ਤੋਂ ਜਾਰੀ ਧਰਨਾ ਚੁੱਕ ਲੈਣ ਦਾ ਫੈਸਲਾ ਕੀਤਾ ਗਿਆ। ਡੀ ਐਸ ਪੀ ਪ੍ਰਿਤਪਾਲ ਸਿੰਘ ਤੇ ਤਹਿਸੀਲਦਾਰ ਅਜੇ ਪਾਲ ਸਿੰਘ ਵੱਲੋਂ ਮੰਗਾਂ ਨੂੰ ਧਰਨੇ ਮੌਕੇ ਜਨਤਕ ਤੌਰ 'ਤੇ ਮੰਨਣ ਅਤੇ ਲਾਗੂ ਕਰਵਾਉਣ ਦਾ ਭਰੋਸਾ ਦਿਵਾਉਣ ਉਪਰੰਤ ਐਕਸ਼ਨ ਕਮੇਟੀ ਤੇ ਪਰਵਾਰ ਬੀਬੀ ਗਾਮੀਵਾਲਾ ਦੇ ਪੋਸਟਮਾਰਟਮ ਲਈ ਰਾਜ਼ੀ ਹੋ ਗਏ।

ਸੀ ਪੀ ਆਈ ਆਗੂ ਵੇਦ ਪ੍ਰਕਾਸ਼ ਨੇ ਕਿਹਾ ਕਿ 11 ਮਾਰਚ ਨੂੰ ਬੁਢਲਾਡਾ ਹਸਪਤਾਲ ਤੋਂ ਬੀਬੀ ਗਾਮੀਵਾਲਾ ਦੀ ਮ੍ਰਿਤਕ ਦੇਹ ਪਿੰਡ ਗਾਮੀਵਾਲਾ ਵਿਖੇ ਕਾਫਲੇ ਸਮੇਤ ਪੁੱਜੇਗੀ ਅਤੇ ਸਵੇਰੇ 11 ਵਜੇ ਸਸਕਾਰ ਹੋਵੇਗਾ।ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਬੀ ਕੇ ਯੂ ਧਨੇਰ ਦੇ ਸੂਬਾਈ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉੱਡਤ, ਸੀ ਪੀ ਆਈ ਐੱਮ ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਸਵਰਨਜੀਤ ਦਲਿਓ, ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ, ਉਘੇ ਸਮਾਜ ਸੇਵਕ ਮਾਨਿਕ ਗੋਇਲ, ਜਮਹੂਰੀ ਕਿਸਾਨ ਸਭਾ ਦੇ ਅਮਰੀਕ ਫਫੜੇ, ਬੀ ਕੇ ਯੂ ਲੱਖੋਵਾਲ ਦੇ ਦਰਸ਼ਨ ਸਿੰਘ ਜਟਾਨਾ, ਬੀ ਕੇ ਯੂ ਮਾਲਵਾ ਦੇ ਮਲੂਕ ਸਿੰਘ ਹੀਰਕੇ, ਬੀ ਕੇ ਯੂ ਉਗਰਾਹਾਂ ਦੇ ਜੋਗਿੰਦਰ ਸਿੰਘ ਦਿਆਲਪੁਰਾ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਜਸਵੀਰ ਕੌਰ ਨੱਤ, ਬੀ ਕੇ ਯੂ ਡਕੌਂਦਾ ਬੁਰਜ ਗਿੱਲ ਦੇ ਲਛਮਣ ਸਿੰਘ ਚੱਕ ਅਲੀ ਸ਼ੇਰ, ਬੀ ਕੇ ਯੂ ਰਾਜੇਵਾਲ ਦੇ ਦਿਲਬਾਗ ਸਿੰਘ ਕਲੀਪੁਰ, ਪੰਜਾਬ ਕਿਸਾਨ ਯੂਨੀਅਨ ਦੇ ਗੁਰਜੰਟ ਸਿੰਘ ਮਾਨਸਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਭਜਨ ਸਿੰਘ ਘੁੰਮਣ, ਬਹੁਜਨ ਮੁਕਤੀ ਪਾਰਟੀ ਦੇ ਜਸਵੰਤ ਸਿੰਘ ਮਾਨਸਾ, ਨਗਰ ਪੰਚਾਇਤ ਜੋਗਾ ਦੇ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਜੋਗਾ, ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜਗਦੇਵ ਸਿੰਘ ਚਕੇਰੀਆਂ, ਖੇਤ ਮਜ਼ਦੂਰ ਸਭਾ ਦੇ ਸੀਤਾਰਾਮ ਗੋਬਿੰਦਪੁਰਾ, ਕੁਲ ਹਿੰਦ ਕਿਸਾਨ ਸਭਾ ਦੇ ਮਲਕੀਤ ਸਿੰਘ ਮੰਦਰਾਂ, ਭੀਮ ਸਿੰਘ ਫੌਜੀ, ਮੁਲਾਜ਼ਮ ਆਗੂ ਜਗਸੀਰ ਸਿੰਘ ਰਾਏ ਕੇ, ਨੌਜਵਾਨ ਆਗੂ ਜਗਤਾਰ ਕਾਲਾ ਆਦਿ ਆਗੂਆਂ ਨੇ ਧਰਨੇ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਮਸਲੇ ਹੱਲ ਕਰਵਾਉਣ ਲਈ ਸੰਘਰਸ਼ ਦਾ ਰਾਹ ਅਪਣਾਉਣਾ ਪੈ ਰਿਹਾ ਹੈ।

ਧਰਨੇ ਮੌਕੇ ਹੋਰਨਾਂ ਤੋਂ ਇਲਾਵਾ ਰੂਪ ਸਿੰਘ ਢਿੱਲੋਂ, ਕਰਨੈਲ ਭੀਖੀ, ਹਰਮੀਤ ਬੋੜਾਵਾਲ, ਕਰਨੈਲ ਦਾਤੇਵਾਸ, ਅਸ਼ੋਕ ਲਾਕੜਾ, ਭੁਪਿੰਦਰ ਗੁਰਨੇ, ਚਿਮਨ ਲਾਲ ਕਾਕਾ, ਭੀਮ

● ਬਾਕੀ ਸਫ਼ਾ 2 'ਤੇ

## ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੰਮ੍ਰਿਤ ਵੇਲੇ ਸੇਵਾ ਸੰਭਾਲੀ



**ਸ੍ਰੀ ਆਨੰਦਪੁਰ ਸਾਹਿਬ** : ਸ੍ਰੀ ਕੇਸਗੜ੍ਹ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੋਮਵਾਰ ਅੰਮ੍ਰਿਤ ਵੇਲੇ ਤਖਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਦੀ ਹਾਜ਼ਰੀ ਵਿੱਚ ਜਥੇਦਾਰ ਵਜੋਂ ਸੇਵਾ ਸੰਭਾਲ ਲਈ। ਉਨ੍ਹਾ ਦੇ ਸੇਵਾ ਸੰਭਾਲ ਤੋਂ ਪਹਿਲਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਅਰਦਾਸ ਕੀਤੀ ਅਤੇ ਉਪਰੰਤ ਪੰਜ ਪਿਆਰੇ ਸਾਹਿਬਾਨ ਨੇ ਗਿਆਨੀ ਕੁਲਦੀਪ ਸਿੰਘ ਨੂੰ ਦਸਤਾਰ ਭੇਟ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੱਤਰ ਪ੍ਰਤਾਪ ਸਿੰਘ ਅਤੇ ਤਖਤ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਨੇ ਵੀ ਦਸਤਾਰਾਂ ਭੇਟ ਕੀਤੀਆਂ।

ਇਸ ਦੌਰਾਨ ਗਿਆਨੀ ਕੁਲਦੀਪ ਸਿੰਘ ਨੇ ਮੌਜੂਦਾ ਪੰਥਕ ਹਾਲਾਤ ਦੇ ਮੱਦੇਨਜ਼ਰ ਸਮੂਹ ਸਿੱਖ ਜਗਤ ਨੂੰ ਇੱਕ ਨਿਸ਼ਾਨ ਹੇਠ ਇੱਕਜੁੱਟ ਹੋਣ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਧਾਰਮਕ ਤੇ ਸਿਆਸੀ ਤੌਰ 'ਤੇ ਯੋਗ ਅਗਵਾਈ ਦੀ ਘਾਟ ਕਾਰਨ ਮਿਲ-ਬੈਠ ਕੇ ਮਸਲਿਆਂ ਨੂੰ ਸੁਲਝਾਉਣ ਦੀ ਥਾਂ 'ਤੇ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਦੀ ਪ੍ਰਪਾਟੀ ਚੱਲ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਸਬੰਧ ਵਿੱਚ 2 ਦਸੰਬਰ ਨੂੰ ਸਿੰਘ ਸਾਹਿਬਾਨ ਵੱਲੋਂ ਲਏ ਫੈਸਲੇ ਬਾਰੇ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਤੋਂ ਗੁਰਮਤਿ ਦੀ ਰੌਸ਼ਨੀ ਵਿੱਚ ਨਿਕਲੇ ਹੁਕਮਨਾਮਿਆਂ ਨਾਲ ਕੋਈ ਛੇੜਛਾੜ ਨਹੀਂ ਹੋ ਸਕਦੀ ਅਤੇ ਇਹੀ ਗੱਲ 2 ਦਸੰਬਰ ਨੂੰ ਜਾਰੀ ਹੋਏ ਹੁਕਮਨਾਮਿਆਂ 'ਤੇ ਇੰਨ-ਬਿੰਨ ਲਾਗੂ ਹੁੰਦੀ ਹੈ। ਸੋ ਅਜਿਹੇ ਇਤਰਾਜ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਭਰਤੀ ਕਮੇਟੀ ਦੇ ਸੰਬੰਧ ਵਿੱਚ ਮੁੜ ਨਜ਼ਰਸਾਨੀ ਕੀਤੀ ਜਾਵੇਗੀ ਅਤੇ

● ਬਾਕੀ ਸਫ਼ਾ 2 'ਤੇ

### ਮਰਿਆਦਾ ਦੀ ਘੋਰ ਉਲੰਘਣਾ ਹੋਈ : ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ** : ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅਹੁਦੇ ਦਾ ਚਾਰਜ ਲਏ ਜਾਣ ਮੌਕੇ ਮਰਿਆਦਾ ਦੀ ਘੋਰ ਉਲੰਘਣਾ ਹੋਈ ਹੈ। ਉਨ੍ਹਾ ਕਿਹਾ ਕਿ ਸਦੀਆਂ ਤੋਂ ਚੱਲੀ ਆ ਰਹੀ ਰਵਾਇਤ ਮੁਤਾਬਕ ਜਥੇਦਾਰਾਂ ਦੀ ਸੇਵਾ ਸੰਭਾਲ ਸਮੇਂ ਪਹਿਲੀ ਦਸਤਾਰ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਵੱਲੋਂ ਦਿੱਤੀ ਜਾਂਦੀ ਹੈ। ਜੇ ਉਹ ਹਾਜ਼ਰ ਨਾ ਹੋਣ ਤਾਂ ਕਿਸੇ ਹੋਰ ਗ੍ਰੰਥੀ ਵੱਲੋਂ ਉਨ੍ਹਾ ਦੇ ਪ੍ਰਤੀਨਿਧ ਵਜੋਂ ਦਸਤਾਰ ਦਿੱਤੀ ਜਾਂਦੀ ਹੈ।

● ਬਾਕੀ ਸਫ਼ਾ 2 'ਤੇ

### ਨਿਊ ਯਾਰਕ ਜਾਂਦਾ ਜਹਾਜ਼ ਅੱਧਵਾਟਿਓਂ ਮੋੜਨਾ ਪਿਆ

**ਨਵੀਂ ਦਿੱਲੀ** : ਏਅਰ ਇੰਡੀਆ ਦੀ ਮੁੰਬਈ ਤੋਂ ਨਿਊ ਯਾਰਕ ਜਾ ਰਹੀ ਉਡਾਣ ਬੰਬ ਦੀ ਧਮਕੀ ਮਿਲਣ ਮਗਰੋਂ ਸੋਮਵਾਰ ਸਵੇਰੇ ਮੁੰਬਈ ਪਰਤ ਆਈ। ਜਹਾਜ਼ ਵਿੱਚ 322 ਜਣੇ ਸਵਾਰ ਸਨ, ਜਿਨ੍ਹਾਂ 'ਚ 19 ਅਮਲੇ ਦੇ ਮੈਂਬਰ ਸਨ। ਏਅਰ ਇੰਡੀਆ ਨੇ ਇਕ ਬਿਆਨ ਵਿੱਚ ਕਿਹਾ ਕਿ ਏਅਰ ਇੰਡੀਆ ਦੀ ਮੁੰਬਈ ਤੋਂ ਨਿਊ ਯਾਰਕ ਜਾ ਰਹੀ ਉਡਾਣ ਏ ਆਈ-119 ਜਦੋਂ ਹਵਾ 'ਚ ਸੀ ਤਾਂ ਸੰਭਾਵੀ ਸੁਰੱਖਿਆ ਖਤਰੇ ਬਾਰੇ ਪਤਾ ਲੱਗਾ। ਸੂਤਰਾਂ ਨੇ ਕਿਹਾ ਕਿ ਬੰਬ ਦੀ ਧਮਕੀ ਮਿਲੀ ਸੀ ਤੇ ਜਹਾਜ਼ ਦੇ ਇਕ ਪਖਾਨੇ 'ਚੋਂ ਇਕ ਨੋਟ ਵੀ ਮਿਲਿਆ ਸੀ।

### ਮਜੀਠੀਆ 17 ਨੂੰ ਤਲਬ

**ਪਟਿਆਲਾ** : ਨਸ਼ਾ ਤਸਕਰੀ ਦੇ ਇੱਕ ਕੇਸ ਦੀ ਜਾਰੀ ਜਾਂਚ ਤਹਿਤ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ 17 ਮਾਰਚ ਨੂੰ ਪੁਲਸ ਲਾਈਨ ਪਟਿਆਲਾ ਸਥਿਤ ਸਿੱਟ ਦੇ ਮੁੱਖ ਦਫਤਰ ਵਿੱਚ 11 ਵਜੇ ਮੁੜ ਤੋਂ ਪੁੱਛ-ਪੜਤਾਲ ਲਈ ਸੱਦਿਆ ਗਿਆ ਹੈ।

### ਅਦਾਕਾਰਾ ਨਿਆਂਇਕ ਹਿਰਾਸਤ 'ਚ

**ਬੇਂਗਲੁਰੂ** : ਸੋਨਾ ਤਸਕਰੀ ਮਾਮਲੇ ਤਹਿਤ ਕੰਨੜ ਅਦਾਕਾਰਾ ਰਾਨਿਆ ਰਾਓ ਨੂੰ ਸੋਮਵਾਰ ਵਿਸ਼ੇਸ਼ ਅਦਾਲਤ ਨੇ 14 ਦਿਨ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ। ਇਸਤੋਂ ਪਹਿਲਾਂ ਉਸਤੋਂ ਤਿੰਨ ਦਿਨ ਡੀ ਆਰ ਆਈ ਅਧਿਕਾਰੀਆਂ ਨੇ ਪੁੱਛਗਿੱਛ ਕੀਤੀ ਸੀ। ਪੇਸ਼ੀ ਵੇਲੇ ਉਹ ਰੋ ਪਈ। ਦੁਬਈ ਤੋਂ ਪਰਤੀ ਰਾਓ ਤੋਂ ਕੈਂਪੇਗੌੜਾ ਕੌਮਾਂਤਰੀ ਹਵਾਈ ਅੱਡੇ 'ਤੇ 12.56 ਕਰੋੜ ਰੁਪਏ ਦੇ ਸੋਨੇ ਦੇ ਬਿਸਕੁਟ ਜ਼ਬਤ ਕੀਤੇ ਗਏ ਸਨ। ਉਹ ਸੀਨੀਅਰ ਪੁਲਸ ਅਧਿਕਾਰੀ ਰਾਮਚੰਦਰ ਰਾਓ ਦੀ ਮਤਰੇਈ ਧੀ ਹੈ।

### ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। -ਮੈਨੇਜਰ

## ਬੱਸ ਤੇ ਟਰੈਕਟਰ-ਟਰਾਲੀ ਦੀ ਟੱਕਰ 'ਚ 4 ਮੌਤਾਂ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**

ਜਲੰਧਰ-ਜੰਮੂ ਹਾਈਵੇਅ 'ਤੇ ਕਾਲਾ ਬੱਕਰਾ ਨੇੜੇ ਸੋਮਵਾਰ ਤੜਕੇ ਬੱਸ ਤੇ ਟਰੈਕਟਰ-ਟਰਾਲੀ ਦੀ ਟੱਕਰ 'ਚ 4 ਵਿਅਕਤੀਆਂ ਦੀ ਮੌਤ ਹੋ ਗਈ, ਜਦੋਂਕਿ 11 ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿੱਚ ਜੰਮੂ-ਕਸ਼ਮੀਰ ਦੇ ਰਿਆਸੀ ਦਾ ਬੱਸ ਚਾਲਕ ਸੁਖਵੰਤ ਸਿੰਘ, ਦਿੱਲੀ ਦੇ ਉੱਤਮ ਨਗਰ ਦਾ ਕੁਲਦੀਪ ਸਿੰਘ ਤੇ ਉਸ ਦਾ ਪੁੱਤਰ ਗੁਰਬਚਨ ਸਿੰਘ, ਲੁਧਿਆਣਾ ਦੇ ਮਾਛੀਵਾੜਾ ਦੇ ਪਿੰਡ ਫੱਲੇਵਾਲ ਦਾ ਵਰਿੰਦਰ ਸਿੰਘ ਸ਼ਾਮਲ ਹਨ।

ਅਸ਼ੋਕ ਬੱਸ ਸਰਵਿਸ ਦੀ ਟੂਰਿਸਟ ਬੱਸ ਕਾਲਾ ਬੱਕਰਾ ਕੋਲ ਪੁੱਜੀ ਤਾਂ ਉਸ ਦੀ ਇੱਟਾਂ ਨਾਲ ਲੱਦੀ ਟਰੈਕਟਰ-ਟਰਾਲੀ ਨਾਲ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਟਰਾਲੀ ਪਲਟ ਗਈ। ਹਾਦਸੇ ਤੋਂ ਫੌਰੀ ਮਗਰੋਂ ਐੱਸ ਐੱਸ ਐੱਫ ਤੇ ਭੋਗਪੁਰ ਪੁਲਸ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਹਾਦਸੇ ਦੇ ਜ਼ਖਮੀਆਂ ਨੂੰ ਜਲੰਧਰ ਦੇ ਵੱਖ-ਵੱਖ ਹਸਪਤਾਲਾਂ ਵਿਚ ਭਰਤੀ ਕਰਵਾਇਆ ਗਿਆ, ਜਿਨ੍ਹਾਂ ਵਿੱਚ ਟਰੈਕਟਰ-ਟਰਾਲੀ ਸਵਾਰ ਤਿੰਨ ਪਰਵਾਸੀ ਮਜ਼ਦੂਰ ਵੀ ਸ਼ਾਮਲ ਹਨ। ਟਰੈਕਟਰ ਚਾਲਕ ਪਰਵਿੰਦਰ ਸਿੰਘ ਦੇ ਪੈਰ ਵਿੱਚ ਵੀ ਗੰਭੀਰ ਸੱਟ ਲੱਗੀ ਹੈ। ਹੋਰਨਾਂ ਜ਼ਖਮੀਆਂ 'ਚ ਉੱਤਰਾਖੰਡ ਦੀ ਰੇਖਾ ਪਤਨੀ ਮਹਿੰਦਰ ਸਿੰਘ, ਰਾਣੀ ਚੌਧਰੀ ਪਤਨੀ ਚੰਦਰਸ਼ੇਖਰ ਚੌਧਰੀ, ਮਹਿੰਦਰ ਸਿੰਘ ਪੁੱਤਰ ਸ਼ੇਖਰ ਸਿੰਘ, ਸ਼ਮਾਂ ਦੇਵੀ ਪਤਨੀ ਬਚਨ ਸਿੰਘ, ਜੰਮੂ ਦਾ ਸੋਹਣ ਸਿੰਘ ਪੁੱਤਰ ਪ੍ਰਕਾਸ਼ ਸਿੰਘ, ਚੰਬਲ ਦਾ ਯੋਗਰ ਕੁਮਾਰ ਪੁੱਤਰ ਚੁੰਨੀ ਲਾਲ, ਗਾਜ਼ੀਆਬਾਦ ਦਾ ਸੰਨੀ ਚੌਧਰੀ ਪੁੱਤਰ ਬਿੰਨੀ ਸਿੰਘ, ਬਹਿਰਾਮ ਭੋਗਪੁਰ ਦਾ ਪਰਵਿੰਦਰ ਸਿੰਘ ਪੁੱਤਰ ਸਾਧੂ ਸਿੰਘ ਸ਼ਾਮਲ ਹਨ। ਪੁਲਸ ਤੇ ਪ੍ਰਸ਼ਾਸਨ ਨੇ ਜੇ ਸੀ ਬੀ ਦੀ ਮਦਦ ਨਾਲ ਲਾਸ਼ਾਂ ਤੇ ਯਾਤਰੀਆਂ ਨੂੰ ਬੱਸ 'ਚੋਂ ਬਾਹਰ ਕੱਢਿਆ। ਕੁਝ ਦੇਰ ਲਈ ਹਾਈਵੇਅ 'ਤੇ ਜਾਮ ਵਾਲੇ ਹਾਲਾਤ ਬਣੇ ਰਹੇ, ਪਰ ਪੁਲਸ ਨੇ ਜਲਦੀ ਹੀ ਹਾਈਵੇ 'ਤੇ ਆਵਾਜਾਈ ਸ਼ੁਰੂ ਕਰਾ ਦਿੱਤੀ। ਪਚਰੰਗਾ ਪੁਲਸ ਥਾਣੇ ਦੇ ਇੰਚਾਰਜ ਏ ਐੱਸ ਆਈ ਕਰਨੈਲ ਸਿੰਘ ਨੇ ਦੱਸਿਆ ਕਿ ਹਾਦਸਾ ਸਵੇਰੇ ਸਾਢੇ ਪੰਜ ਵਜੇ ਦੇ ਕਰੀਬ ਹੋਇਆ।

## ਵਿਧਾਇਕਾਂ ਤੇ ਮੰਤਰੀਆਂ ਦੇ ਘਰਾਂ-ਦਫ਼ਤਰਾਂ ਅੱਗੇ ਚੇਤਾਵਨੀ ਧਰਨੇ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**


ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਦੇ ਸੱਦੇ 'ਤੇ ਸੋਮਵਾਰ ਪੰਜਾਬ ਚੈਪਟਰ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਭਰ ਵਿੱਚ ਆਪ ਦੇ ਵਿਧਾਇਕਾਂ ਅਤੇ ਮੰਤਰੀਆਂ ਦੇ ਘਰਾਂ/ਦਫ਼ਤਰਾਂ ਅੱਗੇ ਸੈਂਕੜੇ ਔਰਤਾਂ ਸਮੇਤ ਦਹਿ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਰੋਹ ਭਰਪੂਰ ਚੇਤਾਵਨੀ ਧਰਨੇ ਦਿੱਤੇ ਗਏ। ਇਨ੍ਹਾਂ ਧਰਨਿਆਂ ਵਿੱਚ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਚੰਡੀਗੜ੍ਹ ਧਰਨੇ ਨੂੰ ਅਣਐਲਾਨੀ ਐਮਰਜੈਂਸੀ ਲਗਾ ਕੇ ਸੂਬੇ ਨੂੰ ਖੁੱਲ੍ਹੀ ਜੇਲ੍ਹ ਵਿੱਚ ਤਬਦੀਲ ਕਰਕੇ ਗ੍ਰਿਫਤਾਰੀਆਂ/ਪੁਲਸੀ ਰੋਕਾਂ ਲਗਾਉਣ ਖਿਲਾਫ਼ ਕਿਸਾਨਾਂ ਅੰਦਰ ਭਾਰੀ ਰੋਸ ਤੇ ਗੁੱਸਾ ਦੇਖਣ ਨੂੰ ਮਿਲਿਆ। ਧਰਨਾਕਾਰੀਆਂ ਨੇ ਆਪ ਦੀ 'ਭਗਵੰਤ ਮਾਨ ਸਰਕਾਰ ਮੁਰਦਾਬਾਦ', 'ਕਿਸਾਨ ਏਕਤਾ ਜ਼ਿੰਦਾਬਾਦ', 'ਇੱਕੋ ਇੱਕ ਠੀਕ ਰਾਹ ਏਕਤਾ ਤੇ ਸੰਘਰਸ਼ ਦਾ' ਵਰਗੇ ਜੋਸ਼ੀਲੇ ਨਾਹਰੇ ਲਾਏ।

ਵੱਖ-ਵੱਖ ਥਾਵਾਂ 'ਤੇ ਸੰਬੋਧਨ ਕਰਨ ਵਾਲੇ ਮੁੱਖ ਬੁਲਾਰਿਆਂ ਨੇ ਭਗਵੰਤ ਮਾਨ ਵੱਲੋਂ 'ਕਿਸਾਨ ਅੰਦੋਲਨ ਦੀਆਂ ਮੰਗਾਂ ਦਾ ਪੰਜਾਬ ਨਾਲ ਕੋਈ ਸੰਬੰਧ ਨਹੀਂ' ਅਤੇ 'ਸੜਕਾਂ, ਰੇਲਾਂ ਜਾਮ ਕਰਕੇ ਕਿਸਾਨ ਅੰਦੋਲਨਕਾਰੀ ਆਮ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ' ਵਰਗੇ ਬਿਰਤਾਂਤ ਨੂੰ ਰੱਦ ਕਰਦੇ ਹੋਏ ਮਾਨ ਨੂੰ ਇਸ ਬਾਰੇ ਖੁੱਲ੍ਹੀ ਡਿਬੇਟ ਕਰਨ ਦੀ ਚੁਣੌਤੀ ਦਿੱਤੀ।

ਬੁਲਾਰਿਆਂ ਨੇ ਅਮਰੀਕਾ ਅਤੇ ਯੂਰਪੀ ਯੂਨੀਅਨ ਦੀਆਂ ਸਰਕਾਰਾਂ ਵੱਲੋਂ ਭਾਰਤ ਦੇ ਖੇਤੀ ਖੇਤਰ ਅਤੇ ਅਨਾਜ 'ਤੇ ਕੰਟਰੋਲ ਕਰਨ ਦੇ ਉਦੇਸ਼ ਨਾਲ ਮੁਕਤ ਵਪਾਰ ਸਮਝੌਤਿਆਂ ਲਈ ਭਾਰਤ ਸਰਕਾਰ 'ਤੇ ਪਾਏ ਜਾ ਰਹੇ ਦਬਾਓ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨ ਲਹਿਰ ਖਿਲਾਫ ਵਿੱਢਿਆ ਹਮਲਾ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਚੁੱਕਿਆ ਗਿਆ ਕਦਮ ਹੈ।

ਚੇਤਾਵਨੀ ਧਰਨਿਆਂ ਨੂੰ ਬਲਦੇਵ ਸਿੰਘ ਨਿਹਾਲਗੜ੍ਹ, ਜੋਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ, ਰਾਮਿੰਦਰ ਸਿੰਘ ਪਟਿਆਲਾ, ਹਰਮੀਤ ਸਿੰਘ ਕਾਦੀਆਂ, ਬੂਟਾ ਸਿੰਘ ਬੁਰਜਗਿੱਲ, ਡਾ. ਸਤਨਾਮ ਸਿੰਘ ਅਜਨਾਲਾ, ਡਾ. ਦਰਸ਼ਨਪਾਲ, ਰੁਲਦੂ ਸਿੰਘ

## ਮਾਰਕ ਕਾਰਨੇ ਹੋਣਗੇ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ



**ਟੋਰਾਂਟੋ** : ਸਾਬਕਾ ਸੈਂਟਰਲ ਬੈਂਕਰ ਮਾਰਕ ਕਾਰਨੇ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ। ਲਿਬਰਲ ਪਾਰਟੀ ਨੇ ਕਾਰਨੇ ਨੂੰ ਸਰਬਸੰਮਤੀ ਨਾਲ ਆਪਣਾ ਆਗੂ ਚੁਣ ਲਿਆ ਹੈ। ਕਾਰਨੇ ਦੇ ਹੱਥ ਕਮਾਨ ਅਜਿਹੇ ਮੌਕੇ ਆਈ ਹੈ, ਜਦੋਂ ਕੈਨੇਡਾ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਛੇੜੀ ਟੈਰਿਫ (ਟੈਕਸ) ਜੰਗ ਤੇ ਕੈਨੇਡਾ ਨੂੰ 51ਵੇਂ ਰਾਜ ਵਜੋਂ ਆਪਣੇ 'ਚ ਸ਼ਾਮਲ ਕਰਨ ਦੀ ਧਮਕੀ ਜਿਹੀਆਂ ਚੁਣੌਤੀਆਂ ਦਰਪੇਸ਼ ਹਨ।

ਕਾਰਨੇ (59) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਥਾਂ ਲੈਣਗੇ, ਜਿਨ੍ਹਾ ਇਸ ਸਾਲ ਜਨਵਰੀ ਵਿੱਚ ਅਸਤੀਫਾ ਦੇ ਦਿੱਤਾ ਸੀ। ਟਰੂਡੋ ਨੇ ਉਦੋਂ ਆਪਣੇ ਅਸਤੀਫੇ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਉਹ ਆਪਣੇ ਜਾਨਸ਼ੀਨ ਵੱਲੋਂ ਸਹੁੰ ਚੁੱਕੇ ਜਾਣ ਤੱਕ ਇਸ ਅਹੁਦੇ 'ਤੇ ਬਣੇ ਰਹਿਣਗੇ। ਕਾਰਨੇ ਨੇ ਬੈਂਕ ਆਫ ਕੈਨੇਡਾ ਦੇ ਮੁਖੀ ਵਜੋਂ ਜ਼ਿੰਮੇਵਾਰੀ ਨਿਭਾਉਂਦਿਆਂ ਸੰਕਟਾਂ ਦਾ ਸਾਹਮਣਾ ਕੀਤਾ ਸੀ। ਟਰੰਪ ਦੀ ਟੈਰਿਫ ਵਾਰ ਅਤੇ ਕੈਨੇਡਾ ਨੂੰ 51ਵਾਂ ਅਮਰੀਕੀ ਰਾਜ ਬਣਾਉਣ ਦੀ ਪੇਸ਼ਕਦਮੀ ਤੋਂ ਕੈਨੇਡੀਅਨ ਗੁੱਸੇ ਵਿਚ ਹਨ। ਕੈਨੇਡੀਅਨ ਨਾਗਰਿਕਾਂ ਨੇ ਜਿੱਥੇ ਅਮਰੀਕਾ ਦੀਆਂ ਆਪਣੀਆਂ ਯਾਤਰਾਵਾਂ ਰੱਦ ਕਰ ਦਿੱਤੀਆਂ ਹਨ, ਉਥੇ ਉਨ੍ਹਾਂ ਵੱਲੋਂ ਅਮਰੀਕੀ ਵਸਤਾਂ ਖਰੀਦਣ ਤੋਂ ਪਰਹੇਜ਼ ਕੀਤਾ ਜਾ ਰਿਹਾ ਹੈ। ਕੈਨੇਡੀਅਨ ਰਾਸ਼ਟਰਵਾਦ ਵਿੱਚ ਵਾਧੇ ਨੇ ਅਗਲੇ ਦਿਨਾਂ ਜਾਂ ਹਫਤਿਆਂ ਵਿੱਚ ਹੋਣ ਵਾਲੀਆਂ ਸੰਸਦੀ ਚੋਣਾਂ ਵਿੱਚ ਲਿਬਰਲ ਪਾਰਟੀ ਦੀਆਂ ਸੰਭਾਵਨਾਵਾਂ ਨੂੰ ਮਜ਼ਬੂਤ ਕੀਤਾ ਹੈ।

## ਭੁਪੇਸ਼ ਬਘੇਲ ਦੇ ਬੇਟੇ ਤੇ ਸਾਥੀਆਂ 'ਤੇ ਛਾਪੇ

**ਰਾਏਪੁਰ** : ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮਨੀ ਲਾਂਡਰਿੰਗ ਕੇਸ ਨਾਲ ਜੁੜੇ ਕਥਿਤ ਸ਼ਰਾਬ ਘੁਟਾਲੇ ਦੀ ਜਾਂਚ ਦੇ ਸੰਬੰਧ 'ਚ ਸੋਮਵਾਰ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਆਗੂ ਭੁਪੇਸ਼ ਬਘੇਲ ਦੇ ਪੁੱਤਰ ਚੈਤੰਨਿਆ ਬਘੇਲ ਦੇ ਟਿਕਾਣਿਆਂ 'ਤੇ ਛਾਪੇ ਮਾਰੇ। ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵਿਵਸਥਾਵਾਂ ਤਹਿਤ ਚੈਤੰਨਿਆ ਬਘੇਲ ਦੀ ਭਿਲਾਈ ਵਿਚਲੀ ਰਿਹਾਇਸ਼ ਅਤੇ ਕੁਝ ਹੋਰਨਾਂ ਵਿਅਕਤੀਆਂ ਦੇ ਵੱਖ-ਵੱਖ ਟਿਕਾਣਿਆਂ 'ਤੇ ਛਾਪੇ ਮਾਰੇ ਗਏ। ਚੈਤੰਨਿਆ ਬਘੇਲ ਭਿਲਾਈ ਸਥਿਤ ਰਿਹਾਇਸ਼ 'ਤੇ ਆਪਣੇ ਪਿਤਾ ਨਾਲ ਰਹਿੰਦਾ ਹੈ। ਸੂਤਰਾਂ ਨੇ ਕਿਹਾ ਕਿ ਜਾਂਚ ਦੌਰਾਨ ਚੈਤੰਨਿਆ ਬਘੇਲ, ਸ਼ਰਾਬ ਸਿੰਡੀਕੇਟ ਤੇ ਕੁਝ ਹੋਰਨਾਂ ਦਰਮਿਆਨ ਲਿੰਕ ਸਾਹਮਣੇ ਆਏ ਹਨ, ਜਿਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸੂਤਰਾਂ ਨੇ ਕਿਹਾ ਕਿ ਈ ਡੀ ਦੀਆਂ ਟੀਮਾਂ ਨੇ 14-15 ਟਿਕਾਣਿਆਂ 'ਤੇ ਛਾਪੇ ਮਾਰੇ ਹਨ। ਇਸ ਤੋਂ ਪਹਿਲਾਂ ਈ ਡੀ ਨੇ ਦਾਅਵਾ ਕੀਤਾ ਸੀ ਕਿ ਛੱਤੀਸਗੜ੍ਹ ਸ਼ਰਾਬ ਘੁਟਾਲੇ ਕਰਕੇ ਸਰਕਾਰੀ ਖਜ਼ਾਨੇ ਨੂੰ 2100 ਕਰੋੜ ਰੁਪਏ ਦਾ ਵੱਡਾ ਨੁਕਸਾਨ ਹੋਇਆ ਹੈ।



ਕੈਨੇਡਾ ਤੋਂ ਆਪਣੀ ਜਲੰਧਰ ਫੇਰੀ ਦੌਰਾਨ ਸੋਮਵਾਰ ਉਚੇਚੇ ਤੌਰ 'ਤੇ ਨਵਾਂ ਜ਼ਮਾਨਾ ਪਹੁੰਚੇ ਜਸਵਿੰਦਰ ਦਿਓਲ, ਗੁਰਮੇਲ ਰਾਏ, ਦਵਿੰਦਰ ਸਿੰਘ ਕਲੇਰ, ਬਲਵਿੰਦਰ ਸਿੰਘ ਬਾਹੀਆ ਤੇ ਜਸਬੀਰ ਸਿੰਘ ਬਾਹੀਆ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਤੇ ਕਾਮਰੇਡ ਗੁਰਮੀਤ ਨਾਲ। ਗੁਰਮੇਲ ਰਾਏ ਨੇ ਪੱਤਰਕਾਰੀ ਦੇ ਕੋਰਸ ਦੌਰਾਨ 'ਨਵਾਂ ਜ਼ਮਾਨਾ' ਤੋਂ ਟਰੇਨਿੰਗ ਲਈ ਸੀ।

### ਅੱਜ-ਨਾਮਾ

ਭ੍ਰਿਸ਼ਟਾਚਾਰ ਦਾ ਰੌਲਾ ਜਿਹਾ ਵਧੀ ਜਾਂਦਾ,
ਨਹੀਂ ਹੈ ਪੈਂਦੀ ਕੁਝ ਦਿੱਸਦੀ ਠੱਲ੍ਹ ਭਾਈ।
ਵਧਿਆ ਓਦੋਂ ਵੀ ਕਿਤੇ ਆਹ ਰੋਗ ਸੁਣਦਾ,
ਵਧਿਆ ਜਿਵੇਂ ਸਨ ਆਖ ਰਹੇ ਕੱਲ੍ਹ ਭਾਈ।
ਬਾਹਲੇ ਦੁਖੀ, ਪਰ ਲੋਕ ਆ ਚੁੱਪ ਰਹਿੰਦੇ,
ਮਾਨਸਿਕ ਸੱਟਾਂ ਨੂੰ ਰਹੇ ਉਹ ਝੱਲ ਭਾਈ।
ਕਰਦੇ ਕਿਸੇ ਦੀ ਬਹੁਤੀ ਪਰਵਾਹ ਹੈ ਨਹੀਂ,
ਕਮਾਈ ਕਰਨ ਦਾ ਜਿਨ੍ਹਾਂ ਕੋਲ ਵੱਲ ਭਾਈ।
ਬਦਨੀਤੀ ਬਣੀ ਹੈ ਨੀਤੀ ਦੀ ਚਾਲ ਪਹਿਲੀ,
ਹਰ ਇੱਕ ਦਾਅ ਹੈ ਇਹਦੀ ਔਲਾਦ ਭਾਈ।
ਗੱਦੀ ਤੀਕ ਵੀ ਜਿਹੜਾ ਕੋਈ ਪਹੁੰਚ ਜਾਂਦਾ,
ਰੱਖੇ ਕੋਈ ਨਿਯਮ-ਅਸੂਲ ਨਾ ਯਾਦ ਭਾਈ।

-ਤੀਸ ਮਾਰ ਖਾਂ

## ਖੇਤ ਮਜ਼ਦੂਰਾਂ ਲਈ ਬਦਲਵੇਂ ਕਿੱਤੇ ਪੈਦਾ ਕੀਤੇ ਜਾਣ : ਕਾਮਰੇਡ ਗੋਰੀਆ

### ਸਾਡੀ ਲੜਾਈ ਸਭ ਤੋਂ ਔਖੀ ਤੇ ਲਾਜ਼ਮੀ ਵੀ : ਕਾਮਰੇਡ ਓਝਾ

**ਨਵੀਂ ਦਿੱਲੀ (ਗਿਆਨ ਸੈਦਪੁਰੀ)**




ਪੇਸ਼ ਕੀਤੀ ਗਈ ਰਿਪੋਰਟ 'ਤੇ ਚਰਚਾ ਕਰਦੇ ਹੋਏ ਕੇਰਲਾ ਦੇ ਸਾਬਕਾ ਮੰਤਰੀ ਕੇ ਰਾਜੂ, ਮੰਚ 'ਤੇ ਬੈਠੇ ਹੋਏ ਕਾਮਰੇਡ ਕੇ ਈ ਇਸਮਾਈਲ, ਕਾਮਰੇਡ ਪੇਰੀਆਸਾਮੀ ਤੇ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ।

ਇੱਥੇ ਚੱਲ ਰਹੀ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਜਨਰਲ ਕੌਂਸਲ ਮੀਟਿੰਗ ਵਿੱਚ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਵੱਲੋਂ ਪੇਸ਼ ਕੀਤੀ ਗਈ ਰਿਪੋਰਟ 'ਤੇ ਭਖਵੀਂ ਤੇ ਉਸਾਰੂ ਬਹਿਸ ਹੋਈ। ਕਾਮਰੇਡ ਗੋਰੀਆ ਵੱਲੋਂ ਤਸੱਲੀਬਖਸ਼ ਜਵਾਬ ਦਿੱਤੇ ਗਏ। ਬਹਿਸ ਦੌਰਾਨ ਵੱਖ-ਵੱਖ ਸੂਬਿਆਂ ਦੀ ਸਿਆਸੀ, ਸਮਾਜੀ ਤੇ ਸੱਭਿਆਚਾਰਕ ਪ੍ਰਸਥਿਤੀਆਂ 'ਤੇ ਵੀ ਪੰਛੀ ਝਾਤ ਪੈਂਦੀ ਰਹੀ। ਕੇਰਲਾ ਦੇ ਐਡਵੋਕੇਟ ਕੇ ਰਾਜੂ ਸਾਬਕਾ ਮੰਤਰੀ ਨੇ ਰਿਪੋਰਟ ਦੇ ਕਈ ਨੁਕਤਿਆਂ 'ਤੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ। ਉਨ੍ਹਾ ਖੱਬੇ ਮੋਰਚੇ ਦੀ ਸਰਕਾਰ ਵੇਲੇ ਦੀਆਂ ਪ੍ਰਾਪਤੀਆਂ ਦਾ ਵੀ ਵਿਸਥਾਰ ਨਾਲ ਜ਼ਿਕਰ ਕੀਤਾ। ਆਂਧਰਾ ਪ੍ਰਦੇਸ਼ ਦੇ ਕਾਮਰੇਡ ਏ ਸ਼ੇਖਰ ਨੇ ਸਿਹਤਮੰਦ ਨੁਕਤਾਚੀਨੀ ਨਾਲ ਬਹਿਸ ਨੂੰ ਅੱਗੇ ਤੋਰਿਆ। ਮਹਾਰਾਸ਼ਟਰ ਤੋਂ ਕਾਮਰੇਡ ਸ਼ਿਵ ਕੁਮਾਰ ਗੁਨਵੀਰ ਨੇ ਰਿਪੋਰਟ 'ਤੇ ਪੂਰਨ ਸਹਿਮਤੀ ਦਾ ਪ੍ਰਗਟਾਵਾ ਕੀਤਾ।ਉਨ੍ਹਾ ਦਲਿਤ ਵਰਗ ਨੂੰ ਮਿਲ ਰਹੀਆਂ ਨਿਗੂਣੀਆਂ ਜਿਹੀਆਂ ਸਹੂਲਤਾਂ ਸੰਬੰਧੀ ਇੱਕ ਜੱਜ ਵੱਲੋਂ ਕੀਤੀਆਂ ਟਿੱਪਣੀਆਂ ਨੂੰ ਗੈਰਜ਼ਰੂਰੀ ਦੱਸਿਆ। ਉਨ੍ਹਾ ਮਜ਼ਦੂਰ ਵਰਗ ਦੇ ਹਿੱਤ ਵਿੱਚ ਬਣੇ ਕਾਨੂੰਨਾਂ ਬਾਰੇ ਪੂਰੀ ਤਰ੍ਹਾਂ ਜਾਣਨ ਦੀ ਪ੍ਰੇਰਣਾ ਦਿੰਦਿਆਂ ਦੱਸਿਆ ਕਿ ਮਨਰੇਗਾ ਦੇ ਅਨੈਕਸ-5 ਵਿੱਚ ਬੇਕਾਰੀ ਭੱਤਾ ਮਿਲਣ ਦਾ ਜ਼ਿਕਰ ਕੀਤਾ ਹੋਇਆ ਹੈ।

ਮੱਧ ਪ੍ਰਦੇਸ਼ ਤੋਂ ਕਾਮਰੇਡ ਸੰਜੀਵ ਰਾਜਪੂਤ ਨੇ ਉਨ੍ਹਾ ਦੇ ਸੂਬੇ ਵਿੱਚ ਦਲਿਤਾਂ ਨਾਲ ਹੋ ਰਹੀ ਘੋਰ ਬੇਇਨਸਾਫੀ ਦਾ ਮਿਸਾਲਾਂ ਸਹਿਤ ਵਰਣਨ ਕੀਤਾ। ਬਿਹਾਰ ਦੇ ਕਾਮਰੇਡ ਪੁਨੀਤ ਮੁਖੀਆ ਨੇ ਸੂਬੇ ਵਿੱਚ ਵਿਆਪਕ ਪੱਧਰ 'ਤੇ ਫੈਲੀ ਹੋਈ ਗਰੀਬੀ ਦਾ ਹਿਰਦੇਵੇਧਕ ਵਰਣਨ ਕੀਤਾ। ਉਨ੍ਹਾ ਦੱਸਿਆ ਕਿ ਬਿਹਾਰ ਵਿੱਚ ਵਿਧਵਾ ਪੈਨਸ਼ਨ ਸਿਰਫ 400 ਰੁਪਏ ਪ੍ਰਤੀ ਮਹੀਨਾ ਹੈ। ਇੱਥੇ 64 ਲੱਖ ਪੈਨਸ਼ਨਰ ਹਨ। ਪਿਛਲੇ 3 ਸਾਲਾਂ ਤੋਂ ਕੋਈ ਵੀ ਪੈਨਸ਼ਨ ਜਾਰੀ ਨਹੀਂ ਹੋਈ। ਤਾਮਿਲਨਾਡੂ

● ਬਾਕੀ ਸਫ਼ਾ 2 'ਤੇ

### ਪੇਰੀਆਰ, ਭਗਤ ਸਿੰਘ ਤੇ ਅੰਬੇਡਕਰ ਦੇ ਤਿੰਨ ਸਾਂਝੀ ਸੁਰ ਵਾਲੇ ਲੇਖਾਂ ਨੂੰ ਇਕੱਠੇ ਪ੍ਰਕਾਸ਼ਤ ਕਰਨ ਦਾ ਫੈਸਲਾ

ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਲਿਖਿਆ ਲੇਖ 'ਅਛੂਤ ਦਾ ਸਵਾਲ', ਈ ਵੀ ਐਮ ਪੇਰੀਆਰ ਵੱਲੋਂ ਤਾਮਿਲ ਅਖਬਾਰ 'ਕੁੱਦੂਆਰਸੀ' ਵਿੱਚ ਭਗਤ ਸਿੰਘ ਬਾਰੇ ਛਪੇ ਲੇਖ ਅਤੇ ਉਨ੍ਹਾਂ ਦਿਨਾਂ ਵਿੱਚ ਹੀ ਮਰਾਠਾ ਅਖਬਾਰ ਵਿੱਚ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਬਾਰੇ ਡਾ. ਭੀਮ ਰਾਓ ਅੰਬੇਡਕਰ ਦੇ ਲੇਖ ਨੂੰ ਇੱਕ ਥਾਂ ਛਪਵਾ ਕੇ ਪੂਰੇ ਦੇਸ਼ ਵਿੱਚ ਵੰਡਣ ਜਨਰਲ ਕੌਂਸਲ ਦੀ ਮੀਟਿੰਗ ਵਿੱਚ ਪ੍ਰਣ ਕੀਤਾ ਗਿਆ।

## ਅਮਰੀਕਾ ਤੋਂ ਭੱਜਿਆ ਡਰੱਗ ਲਾਰਡ ਸ਼ੌਨ ਭਿੰਡਰ ਲੁਧਿਆਣਾ ਤੋਂ ਗ੍ਰਿਫ਼ਤਾਰ

**ਤਰਨ ਤਾਰਨ/ਭਿੱਖੀਵਿੰਡ/ਖਾਲੜਾ/ਪੱਟੀ (ਪ੍ਰਿਤਪਾਲ ਸਿੰਘ/ਰਣਬੀਰ ਗੋਲਣ/ਲਖਵਿੰਦਰ ਗੋਲਣ/ਬਲਦੇਵ ਸਿੰਘ ਸੰਧੂ)**

ਤਰਨ ਤਾਰਨ ਪੁਲਸ ਨੇ ਵੱਡੀ ਮੱਛੀ ਸ਼ਹਿਨਾਜ਼ ਸਿੰਘ ਉਰਫ ਸ਼ੌਨ ਭਿੰਡਰ, ਜੋ ਕਿ ਅਮਰੀਕੀ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ ਬੀ ਆਈ) ਨੂੰ ਲੋੜੀਂਦਾ ਭਾਰਤੀ ਮੂਲ ਦਾ ਅੰਤਰਰਾਸ਼ਟਰੀ ਡਰੱਗ ਲਾਰਡ ਹੈ, ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਸ਼ੌਨ ਭਿੰਡਰ ਬਟਾਲਾ ਦੇ ਪਿੰਡ ਮੰਡਿਆਲਾ ਦਾ ਰਹਿਣ ਵਾਲਾ ਹੈ ਅਤੇ ਉਹ ਕੈਨੇਡਾ ਦੇ ਬਰੈਂਪਟਨ ਵਿੱਚ ਰਹਿ ਰਿਹਾ ਸੀ। ਉਹ 26 ਫਰਵਰੀ, 2025 ਨੂੰ ਅਮਰੀਕਾ ਦੀ ਸਭ ਤੋਂ ਵੱਡੀ ਨਸ਼ੀਲੇ ਪਦਾਰਥਾਂ ਦੀ ਜ਼ਬਤੀ ਵਿੱਚ ਐੱਫ ਬੀ ਆਈ ਨੂੰ ਲੋੜੀਂਦਾ ਸੀ, ਜਿਸ ਵਿੱਚ ਐੱਫ ਬੀ ਆਈ ਨੇ ਅਮਰੀਕਾ ਵਿੱਚ ਉਸ ਦੇ ਛੇ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 391 ਕਿੱਲੋਗ੍ਰਾਮ ਮੈਥਾਮਫੇਟਾਮਾਈਨ, 109 ਕਿਲੋਗ੍ਰਾਮ ਕੋਕੀਨ, ਚਾਰ ਆਧੁਨਿਕ ਹਥਿਆਰ ਅਤੇ ਵਾਹਨ ਜ਼ਬਤ ਕੀਤੇ ਸਨ। ਇਸ ਮਾਮਲੇ ਵਿੱਚ ਐੱਫ ਬੀ ਆਈ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਛੇ ਮੁਲਜ਼ਮਾਂ ਦੀ ਪਛਾਣ ਅੰਮ੍ਰਿਤਪਾਲ ਸਿੰਘ ਉਰਫ਼ ਅੰਮ੍ਰਿਤ ਉਰਫ਼ ਬੱਲ, ਅੰਮ੍ਰਿਤਪਾਲ ਸਿੰਘ ਉਰਫ਼ ਚੀਮਾ, ਤਕਦੀਰ ਸਿੰਘ ਉਰਫ਼ ਰੋਮੀ, ਸਰਬਜੀਤ ਸਿੰਘ ਸਾਬੀ, ਫਰਨਾਂਡੋ ਵਾਲਾਡੇਰੇਸ ਉਰਫ਼ ਫ੍ਰੈਂਕੋ ਅਤੇ ਗੁਰਲਾਲ ਸਿੰਘ ਵਜੋਂ ਹੋਈ ਸੀ।

ਡੀ ਜੀ ਪੀ ਨੇ ਦੱਸਿਆ ਕਿ ਸ਼ੌਨ ਭਿੰਡਰ ਇੱਕ ਅੰਤਰਰਾਸ਼ਟਰੀ ਨਾਰਕੋਟਿਕਸ ਸਿੰਡੀਕੇਟ ਦਾ ਮੁੱਖ ਸਰਗਨਾ ਸੀ, ਜੋ ਕੋਲੰਬੀਆ ਤੋਂ ਅਮਰੀਕਾ ਅਤੇ ਕੈਨੇਡਾ ਵਿੱਚ ਕੋਕੀਨ ਦੀ ਤਸਕਰੀ ਕਰਦਾ ਸੀ।

ਐੱਫ ਬੀ ਆਈ ਵੱਲੋਂ ਕੀਤੀ ਗਈ

● ਬਾਕੀ ਸਫ਼ਾ 2 'ਤੇ

11-March-PAGE-4.qxd 3/10/2025 10:41 PM Page 1



# ਫਿਰਕਾਪ੍ਰਸਤ-ਕਾਰਪੋਰੇਟੀ ਗੱਠਜੋੜ

*ਕਈ ਵਾਰ ਕਹੇ-ਸੁਣੇ ਤੋਂ ਵੱਧ ਸਹੀ ਤਰੀਕੇ ਨਾਲ ਦੇਖੀਆਂ ਗਈਆਂ ਛਵੀਆਂ ਹੀ ਸਭ ਕੁਝ ਉਜਾਗਰ ਕਰ ਦਿੰਦੀਆਂ ਹਨ। ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਛਤਰਪੁਰ ਦੇ ਪ੍ਰਵਚਨਕਰਤਾ ਧੀਰੇਂਦਰ ਸ਼ਾਸਤਰੀ ਦੇ ਦੋ ਸਮਾਰੋਹਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਦੀ ਮੌਜੂਦਗੀ ਇਸੇ ਤਰ੍ਹਾਂ ਦੀ ਇੱਕ ਮਿਸਾਲ ਹੈ। ਇਹ ਬਾਗੇਸ਼ਵਰ ਧਾਮ 'ਸਰਕਾਰ' ਵਿੱਚ ਵਿਧੀ ਵੱਲੋਂ ਸਥਾਪਤ ਤੇ ਭਾਰਤ ਦੇ ਸੰਵਿਧਾਨ ਦੇ ਆਧਾਰ 'ਤੇ ਸੰਚਾਲਤ 'ਭਾਰਤ ਸਰਕਾਰ' ਦੀ ਹਾਜ਼ਰੀ ਸੀ। ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ 'ਬਾਗੇਸ਼ਵਰ ਸਰਕਾਰ' ਵੱਲੋਂ ਬਣਾਏ ਗਏ ਕੈਂਸਰ ਹਸਪਤਾਲ ਦਾ ਨੀਂਹ ਪੱਥਰ ਰੱਖਣ ਦੇ ਨਾਂਅ 'ਤੇ ਗਏ ਤਾਂ ਅਗਲੇ ਦਿਨ ਰਾਸ਼ਟਰਪਤੀ ਇੱਕ ਸਮੂਹਕ ਵਿਆਹ ਸਮਾਰੋਹ 'ਚ ਅਸ਼ੀਰਵਾਦ ਦੇਣ ਗਈ। ਉੱਥੇ ਜੋ ਵੀ ਹੋਇਆ, ਉਹ ਹਿੰਦੂਤਵਵਾਦੀ ਫਿਰਕਾਪ੍ਰਸਤੀ ਤੇ ਕਾਰਪੋਰੇਟ ਦੇ ਗੱਠਜੋੜ ਦਾ ਵਿਸਤਾਰ ਹੀ ਸੀ। ਬਾਗੇਸ਼ਵਰ ਧਾਮ ਸਰਕਾਰ ਵਾਲਾ ਧੀਰੇਂਦਰ ਸ਼ਾਸਤਰੀ ਬਾਕੀ ਜੋ ਵੀ ਹੋਵੇ ਸੰਤ ਜਾਂ ਸਾਧੂ ਤਾਂ ਕਿਸੇ ਪਾਸਿਓਂ ਨਹੀਂ ਹੈ। ਫਿਰ ਉਸ ਵਿੱਚ ਅਜਿਹਾ ਕੀ ਹੈ ਕਿ ਦੇਸ਼ ਦੀ ਸਰਕਾਰ ਉਸ ਦੀ ਸਰਕਾਰ ਦੇ ਸੱਦੇ 'ਤੇ ਬੁੰਦੇਲਖੰਡ ਵਿੱਚ ਪੈਂਦੇ ਛਤਰਪੁਰ ਦੇ ਵੀ ਅੰਦਰਲੇ ਹਿੱਸੇ ਵਿੱਚ ਵਿਸ਼ਾਲ ਆਕਾਰ ਲੈਂਦੇ ਧਾਮ ਵਿੱਚ ਜਾ ਪੁੱਜੀ।*

*ਧੀਰੇਂਦਰ ਸ਼ਾਸਤਰੀ ਦੀ ਇੱਕੋ-ਇੱਕ ਖਾਸੀਅਤ ਹੈ, ਹੱਦ ਤੱਕ ਜਨੂੰਨ ਭੜਕਾਉਣਾ। ਹਾਲ ਹੀ ਵਿੱਚ ਲੱਗੇ ਮਹਾਂਕੁੰਭ ਮੇਲੇ ਦੌਰਾਨ ਉਸ ਨੇ ਦੋ ਬਿਆਨ ਦਿੱਤੇ ਸੀ। ਪਹਿਲੇ ਵਿੱਚ ਕਿਹਾ ਸੀ ਕਿ ਜਿਹੜਾ ਹਿੰਦੂ ਮਹਾਂਕੁੰਭ ਵਿੱਚ ਨਹੀਂ ਆਵੇਗਾ, ਉਹ ਦੇਸ਼ਧ੍ਰੋਹੀ ਹੈ। ਜਦੋਂ ਮੇਲੇ ਵਿੱਚ ਭਗਦੜ ਮਚੀ ਤੇ ਕਈ ਲੋਕ ਕੁਚਲ ਕੇ ਮਾਰੇ ਗਏ ਤਾਂ ਬਿਆਨ ਦਿੱਤਾ ਕਿ ਗੰਗਾ ਕੰਢੇ ਮਰਨ ਵਾਲੇ ਦੀ ਮੌਤ ਨਹੀਂ ਹੁੰਦੀ, ਉਸ ਦਾ ਮੋਕਸ਼ ਹੋ ਜਾਂਦਾ ਹੈ ਅਤੇ ਫਿਰ ਮਰਨਾ ਤਾਂ ਸਭ ਨੇ ਹੈ, ਕੋਈ 20 ਸਾਲ ਬਾਅਦ ਮਰੇਗਾ ਤਾਂ ਕੋਈ 30 ਸਾਲ ਬਾਅਦ। ਇਸੇ ਖਾਸੀਅਤ ਕਰਕੇ ਉਹ ਭਾਜਪਾ ਤੇ ਆਰ ਐੱਸ ਐੱਸ ਨੂੰ ਪਿਆਰਾ ਲੱਗਦਾ ਹੈ। ਧੀਰੇਂਦਰ ਸ਼ਾਸਤਰੀ ਫਾਸ਼ੀਵਾਦ ਦੇ ਭਾਰਤੀ ਸੰਸਕਰਣ ਹਿੰਦੂਤਵ, ਜਿਸ ਦਾ ਹਿੰਦੂ ਧਰਮ ਦੀਆਂ ਮਾਨਤਾਵਾਂ ਜਾਂ ਪਰੰਪਰਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਵੱਲੋਂ ਕਾਇਮ ਕੀਤੇ ਜਾ ਰਹੇ 'ਧਰਮ' ਅਤੇ ਉਸ ਦੇ ਪ੍ਰਤੀਕ ਦੇ ਰੂਪ ਵਿੱਚ ਖੜ੍ਹੇ ਕੀਤੇ ਜਾ ਰਹੇ ਬਾਬਿਆਂ ਦੀ ਕੜੀ ਦਾ ਹਿੱਸਾ ਹੈ। ਉਸ ਨੇ ਇੱਕ ਵਾਰ ਕਿਹਾ ਕਿ ਸਾਰੇ ਇਸਾਈ ਤੇ ਮੁਸਲਮਾਨ ਹਿੰਦੂ ਹਨ, ਕਿਉਂਕਿ ਉਹ ਹਿੰਦੁਸਤਾਨ ਵਿੱਚ ਰਹਿੰਦੇ ਹਨ ਤੇ ਅਗਲੇ ਪ੍ਰਵਚਨ ਵਿੱਚ ਬੋਲਿਆ ਕਿ ਦੇਸ਼ ਵਿੱਚ ਹਿੰਦੂਆਂ ਦੀ ਆਬਾਦੀ ਘੱਟ ਹੋ ਰਹੀ ਹੈ ਅਤੇ ਗਜ਼ਵਾ-ਇ-ਹਿੰਦ ਚਾਹੁੰਣ ਵਾਲਿਆਂ ਦੀ ਵਧਦੀ ਆਬਾਦੀ ਦੇਸ਼ ਲਈ ਘਾਤਕ ਹੈ, ਅਜਿਹੇ ਵਿੱਚ ਹਿੰਦੂਆਂ ਨੂੰ ਇੱਕ ਦੀ ਥਾਂ ਚਾਰ ਬੱਚੇ ਪੈਦਾ ਕਰਨੇ ਜ਼ਰੂਰੀ ਹਨ। ਅਜਿਹੇ ਵਿਅਕਤੀ ਤੇ ਉਸ ਦੇ ਅਦਾਰੇ ਨਾਲ ਖੜ੍ਹੇ ਹੋ ਕੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਸਭ ਨੂੰ ਕੀ ਦਿਖਾਉਣਾ ਚਾਹੁੰਦੇ ਹਨ? ਕਿਸ ਤਰ੍ਹਾਂ ਦੇ ਆਦਰਸ਼ ਪੇਸ਼ ਕਰਨਾ ਚਾਹੁੰਦੇ ਹਨ, ਇਸ ਨੂੰ ਦੁਹਰਾਉਣ ਦੀ ਲੋੜ ਨਹੀਂ ਹੈ। ਰਾਸ਼ਟਰਪਤੀ ਮੁਰਮੂ ਨੇ ਭਾਰਤ ਦੀ ਪਰੰਪਰਾ ਵਿੱਚ ਸਦੀਆਂ ਤੋਂ ਆਪਣੇ ਕਰਮ ਤੇ ਧਰਮ ਨਾਲ ਸੰਤਾਂ ਵੱਲੋਂ ਲੋਕਾਂ ਨੂੰ ਰਾਹ ਦਿਖਾਉਣ ਅਤੇ ਕੁਰੀਤੀਆਂ ਤੇ ਅੰਧਵਿਸ਼ਵਾਸਾਂ ਖਿਲਾਫ ਜਾਗਰੂਕ ਕਰਨ ਦੀ ਗੱਲ ਕਹੀ। ਹਾਲਾਂਕਿ ਇਸ ਸੰਦਰਭ ਵਿੱਚ ਜਿਨ੍ਹਾਂ ਗੁਰੂ ਨਾਨਕ, ਰਵਿਦਾਸ ਤੇ ਤੁਕਾਰਾਮ ਦਾ ਜ਼ਿਕਰ ਕੀਤਾ, ਉਨ੍ਹਾਂ ਵਿੱਚੋਂ ਕੋਈ ਵੀ ਸਨਾਤਨੀ ਨਹੀਂ ਸੀ। ਸਹੀ ਮਾਅਨਿਆਂ ਵਿੱਚ ਇਹ ਸਾਰੇ ਸਨਾਤਨ ਦੀ ਜੜ੍ਹਤਾ ਖਿਲਾਫ ਲੋਕਾਂ ਨੂੰ ਜਗਾਉਣ ਵਾਲੇ ਸੁਧਾਰਕ ਸਨ। ਰਾਸ਼ਟਰਪਤੀ ਨੇ ਸੰਤਾਂ ਵੱਲੋਂ ਮਹਿਲਾਵਾਂ ਨੂੰ ਸਮਾਜ ਵਿੱਚ ਬਣਦਾ ਸਥਾਨ ਦਿਵਾਉਣ ਲਈ ਪਾਏ ਯੋਗਦਾਨ ਦਾ ਜ਼ਿਕਰ ਕੀਤਾ, ਪਰ ਧੀਰੇਂਦਰ ਸ਼ਾਸਤਰੀ ਨੇ ਇਸ ਮੌਕੇ ਕਿਹਾ ਕਿ ਜਿਹੜੀ ਇਸਤਰੀ ਦੀ ਮਾਂਗ ਵਿੱਚ ਸਿੰਧੂਰ ਤੇ ਗਲੇ ਵਿੱਚ ਮੰਗਲਸੂਤਰ ਨਾ ਹੋਵੇ ਤਾਂ ਸਮਝੋ ਕਿ ਉਹ ਅਜਿਹਾ ਖਾਲੀ ਪਲਾਟ ਹੈ, ਜਿਸ ਨੂੰ ਦੇਖਣ-ਸੰਭਾਲਣ ਵਾਲਾ ਕੋਈ ਹੈ। ਜਿਸ ਦੇ ਇਹ ਦੋਨੋਂ ਹਨ, ਉਸ ਨੂੰ ਦੇਖ ਕੇ ਲੋਕ ਸਮਝ ਲੈਂਦੇ ਹਨ ਕਿ ਇਸ ਦੀ ਰਜਿਸਟਰੀ ਹੋ ਚੁੱਕੀ ਹੈ। ਮਹਿਲਾਵਾਂ ਨੂੰ ਸੰਪਤੀ ਤੇ ਰਜਿਸਟਰੀ ਕਰਾ ਕੇ ਕਬਜ਼ੇ ਵਿੱਚ ਲੈਣ ਵਰਗੀ ਸੋਚ ਰੱਖਣ ਵਾਲੇ ਬਾਬੇ ਨੇ ਇਸ ਤੋਂ ਵੀ ਵਧ ਕੇ ਇਹ ਗੱਲ ਕਹੀ ਕਿ ਸਭ ਤੋਂ ਵੱਧ ਸਰਾਪ ਤਾਂ ਬਿਊਟੀ ਪਾਰਲਰ ਵਾਲਿਆਂ ਨੂੰ ਲੱਗੇਗਾ, ਜੋ ਕਾਲੀ ਜਾਮਣ ਉੱਪਰ ਵੀ ਏਨਾ ਫਾਊਂਡੇਸ਼ਨ ਲਾ ਦਿੰਦੇ ਹਨ। ਬਾਬੇ ਨੇ ਮੋਦੀ ਨੂੰ ਇੱਕ ਅਜਿਹਾ ਪ੍ਰਧਾਨ ਮੰਤਰੀ ਦੱਸਿਆ, ਜਿਸ ਨੂੰ ਡੋਨਾਲਡ ਟਰੰਪ ਵੀ ਭਾਰਤ ਦਾ ਮਹਾਨ ਪੀ ਐੱਮ ਦੱਸਦਾ ਹੈ। ਇਸ ਦੇ ਜਵਾਬ ਵਿੱਚ ਮੋਦੀ ਨੇ ਬਾਬੇ ਨੂੰ ਅਜਿਹਾ ਵਿਅਕਤੀ ਦੱਸਿਆ, ਜੋ ਦੇਸ਼ ਵਿੱਚ ਏਕਤਾ ਦੇ ਮੰਤਰ ਨੂੰ ਲੈ ਕੇ ਜਾਗਰੂਕਤਾ ਫੈਲਾ ਰਿਹਾ ਹੈ। ਕੁਲ ਮਿਲਾ ਕੇ ਬਾਗੇਸ਼ਵਰ ਧਾਮ ਵਿੱਚ ਕੈਂਸਰ ਹਸਪਤਾਲ ਦੇ ਨੀਂਹ ਪੱਥਰ ਤੇ 251 ਜੋੜਿਆਂ ਦੇ ਵਿਆਹ ਦੀ ਆੜ ਵਿੱਚ ਜੋ ਹੋਇਆ, ਉਹ ਹਿੰਦੂਤਵਵਾਦੀ ਫਿਰਕਾਪ੍ਰਸਤੀ ਤੇ ਕਾਰਪੋਰੇਟ ਦੇ ਗੱਠਜੋੜ ਦਾ ਮੁਜ਼ਾਹਰਾ ਸੀ।*

# ਟਰੰਪ ਅਤੇ ਨਵੀਨ ਪੂੰਜੀਵਾਦ ਦਾ ਸੰਕਟ

**ਮੂਲ : ਡਾ: 'ਸੋਮਾ ਮਾਲਰ'**
**ਅਨੁਵਾਦ : ਪਿਰਥੀਪਾਲ ਸਿੰਘ ਮਾੜੀਮੇਘਾ**

ਡੋਨਾਲਡ ਟਰੰਪ ਦੇ 47ਵੇਂ ਰਾਸ਼ਟਰਪਤੀ ਦੇ ਰੂਪ ਵਿੱਚ ਦੁਬਾਰਾ ਚੁਣੇ ਜਾਣ ਅਤੇ ਸਹੁੰ ਚੁੱਕਣ ਤੋਂ ਬਾਅਦ ਦੁਨੀਆ ਵਿੱਚ ਪੈਣ ਵਾਲੇ ਪ੍ਰਭਾਵ ਨੂੰ ਪਹਿਲਾਂ ਤੋਂ ਹੀ ਮਹਿਸੂਸ ਕੀਤਾ ਜਾ ਰਿਹਾ ਸੀ। ਟਰੰਪ ਨੂੰ ਆਪਣੇ ਦੇਸ਼ ਵਿੱਚ ਸੁੰਗੜਦੀ ਪੂੰਜੀਵਾਦੀ ਵਿਵਸਥਾ ਦੇ ਡਰ ਨੇ ਇੱਕ ਅਮਰੀਕੀ ਲੁਟੇਰਾ, ਇੱਕ ਗੁੰਡਾ ਅਤੇ ਇੱਕ ਲਾਲਚੀ ਗੁਣ ਵਾਲਾ ਘੁਮੰਡੀ ਬਣਾ ਦਿੱਤਾ ਹੈ। ਟਰੰਪ ਢਹਿੰਦੀ ਹੋਈ ਨਵੀਂ ਵਿਸ਼ਵ ਆਰਥਿਕ ਹਾਲਤ ਵਿੱਚ ਚੋਣ ਜਿੱਤਿਆ ਅਤੇ ਇਹ ਸਾਫ ਹੈ ਕਿ ਇਹ ਅਨਾੜੀ ਤੇ ਵੱਡੇ ਵਹਿਸ਼ੀ ਪੂੰਜੀਵਾਦ ਦੇ ਨਾਲ ਖਤਰੇ ਵਿੱਚ ਪਏ ਪੂੰਜੀਵਾਦ ਨੂੰ ਬਚਾਉਣ ਲਈ ਵਿਸ਼ਵ ਮੰਚ 'ਤੇ ਆਇਆ ਹੈ। ਟਰੰਪ ਬੇਲਗਾਮ ਤਕਨੀਕੀ ਪੂੰਜੀਪਤੀਆਂ ਦੀ ਇੱਕ ਨਵੀਂ ਨਸਲ ਵਿੱਚ ਘਿਰੇ ਹੋਏ ਹਨ। ਇਹ ਬੇਲਗਾਮ ਪੂੰਜੀਪਤੀ ਛੋਟੇ ਪੂੰਜੀਪਤੀਆਂ ਨੂੰ ਕੁਚਲਣ, ਗਰੀਬ ਵਿਕਾਸਸ਼ੀਲ ਦੇਸ਼ਾਂ ਦੇ ਘਰੇਲੂ ਉਤਪਾਦ ਨੂੰ ਬਰਬਾਦ ਕਰਨ ਅਤੇ ਪੂਰੀ ਦੁਨੀਆ ਪੱਧਰ 'ਤੇ ਮਜ਼ਦੂਰਾਂ ਨੂੰ ਕੰਗਾਲ ਬਣਾਉਣ ਲਈ ਆਪਣੀ ਸ਼ਕਤੀਸ਼ਾਲੀ ਨਵੀਂ ਟੈਕਨਾਲੋਜੀ ਨਾਲ ਭਾਰੀ ਮੁਨਾਫਾ ਕਮਾਉਣ ਦਾ ਮਨਸੂਬਾ ਬਣਾ ਰਹੇ ਹਨ।

ਟਰੰਪ ਦੀ ਆਰਥਿਕ ਰਾਸ਼ਟਰਵਾਦ ਦੀ ਰਣਨੀਤੀ ਦੁਨੀਆ ਵਿੱਚ ਅਮਰੀਕੀ ਸਰਵਉੱਚਤਾ ਨੂੰ ਬਹਾਲ ਕਰਨਾ ਹੈ। ਉਹ ਅਮਰੀਕਾ ਵਿੱਚ ਆਪਣੇ ਨਵੇਂ ਆਰਥਿਕ ਪ੍ਰਬੰਧ ਰਾਹੀਂ ਵਿਦੇਸ਼ੀ ਪੂੰਜੀਵਾਦੀ ਨੀਤੀ ਨੂੰ ਆਪਣੇ ਘਰੇਲੂ ਉਤਪਾਦ ਦੀ ਪਾਲਣਾ ਕਰਨ ਵਾਲੀ ਨੀਤੀ ਦੇ ਨਾਲ ਜੋੜਨਾ ਚਾਹੁੰਦੇ ਹਨ। ਟਰੰਪ ਦੀ ਇਹ ਨਵੀਂ ਨੀਤੀ ਜੋ ਰੀਗਣ -ਥੈਚਰ ਨੇ 1980 ਦੇ 10 ਸਾਲ ਦੇ ਸਮੇਂ ਵਿੱਚ ਆਜ਼ਾਦ ਵਿਉਪਾਰਕ ਵਿਸ਼ਵੀਕਰਨ ਦੀ ਨੀਤੀ ਰਚੀ ਸੀ, ਉਸ ਤੋਂ ਵੱਖਰੀ ਹੈ, ਪਰੰਤੂ ਸੰਯੁਕਤ ਰਾਜ ਅਮਰੀਕਾ ਦੇ ਅੰਦਰ ਟਰੰਪ ਇੱਕ ਪਹਿਲੇ ਨਵੇਂ ਆਰਥਿਕ ਪ੍ਰਬੰਧ ਦੇ ਕੁੱਝ ਪਹਿਲੂ ਜਾਰੀ ਰੱਖੇ ਹਨ। ਉਹ ਅਮੀਰਾਂ ਤੇ ਇਨਕਮ ਟੈਕਸਾਂ ਵਿੱਚ ਕਟੌਤੀ ਕਰਨ, ਨੌਕਰਸ਼ਾਹੀ ਜਾਂ ਮਜ਼ਦੂਰ ਯੂਨੀਅਨਾਂ ਨੂੰ ਖਤਮ ਕਰਨ ਅਤੇ ਹਜ਼ਾਰਾਂ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਦੀ ਯੋਜਨਾ ਬਣਾ ਰਹੇ ਹਨ। ਉਨ੍ਹਾਂ ਨੇ ਉਨ੍ਹਾਂ ਅਮਰੀਕੀ ਨਿਗਮਾਂ 'ਤੇ ਟੈਰਿਫ ਭਾਵ ਵੱਡੇ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ, ਜੋ ਆਪਣੇ ਉਤਪਾਦਨ ਨੂੰ ਦੂਸਰੇ ਦੇਸ਼ਾਂ ਵਿੱਚ ਲੈ ਕੇ ਜਾਣ ਦੀ ਯੋਜਨਾ ਬਣਾ ਰਹੇ ਹਨ। ਉਨ੍ਹਾਂ ਨੇ ਪਹਿਲਾਂ ਹੀ ਯੋਰਪ ਦੇ ਨਾਲ ਟੀ ਪੀ ਪੀ (ਟਰਾਂਸ ਪੈਸੇਫਿਕ ਪਾਰਟਨਰਸ਼ਿਪ- ਜੋ ਪ੍ਰਸ਼ਾਂਤ ਮਹਾਂਸਾਗਰ ਦੇ ਇਰਦ-ਗਿਰਦ ਵਿਉਪਾਰ ਅਤੇ ਨਿਵੇਸ ਭਾਵ ਲਾਭ ਲਈ ਪੈਸਾ ਲਾਉਣ ਲਈ ਆਸਾਨ ਬਣਾਉਣ ਦਾ ਮਕਸਦ ਰੱਖਦਾ ਹੈ) ਅਤੇ ਟਰਾਂਸ ਅਟਲਾਂਟਿਕ ਵਿਉਪਾਰ ਅਤੇ ਵਿਨੇਸ਼ ਹਿੱਸੇਦਾਰੀ (ਟੀ ਟੀ ਆਈ ਪੀ) ਅਟਲਾਂਟਿਕ ਉਹ ਮਹਾਂਸਾਗਰ ਹੈ, ਜਿਸ ਦੇ ਦੋਵੇਂ ਪਾਸੇ ਯੂਰਪ ਅਤੇ ਉੱਤਰੀ ਅਮਰੀਕਾ ਨੂੰ ਕਵਰ ਕਰਨ ਵਾਲਾ ਇੱਕ ਆਜ਼ਾਦ ਵਿਉਪਾਰ ਬਣਾਉਣ ਦਾ ਪ੍ਰਸਤਾਵ ਹੈ) ਨੂੰ ਖਤਮ ਕਰ ਦਿੱਤਾ ਹੈ। ਉਨ੍ਹਾਂ ਨੇ ਵਿਉਪਾਰ ਲਈ ਚੰਗੀਆਂ ਸ਼ਰਤਾਂ ਨੂੰ ਹਾਸਲ ਕਰਨ ਦੇ ਲਈ ਮੈਕਸੀਕੋ ਅਤੇ ਕੈਨੇਡਾ ਦੇ ਨਾਲ ਨਾਫਟਾ (ਨਿਆਂ ਦਾ ਇੱਕ ਸਿਧਾਂਤ ਜੋ ਗਲਤ ਕੰਮ ਕਰਨ ਵਾਲੇ ਨੂੰ ਸਜ਼ਾ ਦੇਣ ਵਾਲਾ) ਤੇ ਫਿਰ ਤੋਂ ਗੱਲਬਾਤ ਕਰਨ ਦਾ ਵਾਅਦਾ ਕੀਤਾ ਹੈ, ਚੀਨ ਅਤੇ ਯੂਰਪੀਨ ਸੰਘ ਦੇ ਘਰੇਲੂ ਉਤਪਾਦ ਦੇ ਜੁਆਬ ਵਿੱਚ ਅਮਰੀਕਾ ਨੇ ਚੀਨੀ ਸਾਮਾਨ 'ਤੇ 45 ਪ੍ਰਤੀਸ਼ਤ ਸੀਮਾ ਟੈਕਸ ਲਗਾਉਣ ਅਤੇ ਸੰਯੁਕਤ ਰਾਜ ਅਮਰੀਕਾ ਨੂੰ ਭਾਰਤ ਵੱਲੋਂ ਨਿਰਯਾਤ (ਅਮਰੀਕਾ ਭੇਜੀਆਂ ਜਾ ਰਹੀਆਂ ਵਸਤਾਂ) ਉਤੇ ਉੱਚ ਅਤੇ ਸਮਾਨ ਰੂਪ ਨਾਲ ਪਰਤੀਸ਼ੋਧਾਤਕ (ਉੱਤਰੀ ਅਮਰੀਕਾ ਦੇ ਤਿੰਨ ਦੇਸ਼ਾਂ ਕੈਨੇਡਾ, ਮੈਕਸੀਕੋ ਅਤੇ ਸੰਯੁਕਤ ਰਾਜ ਅਮਰੀਕਾ ਦਾ ਵਿਉਪਾਰ ਸਮਝੌਤਾ) ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਟਰੰਪ ਦਾ ਇਹ ਕਦਮ ਵਿਉਪਾਰ ਯੁੱਧ ਨੂੰ ਵਧਾ ਸਕਦਾ ਅਤੇ ਵਿਸ਼ਵ ਪੱਧਰ 'ਤੇ ਬਜ਼ਾਰਾਂ ਨੂੰ ਹਿਲਾ ਸਕਦਾ ਹੈ। ਟਰੰਪ ਇਹ ਸਾਰਾ ਕੁੱਝ ਅਮਰੀਕੀ ਮਜ਼ਦੂਰਾਂ ਨੂੰ ਫਾਇਦਾ ਦੇਣ ਦੇ ਲਈ ਨਹੀਂ, ਬਲਕਿ ਅਮਰੀਕਾ ਦੇ ਅਤਿ ਅਮੀਰ ਧੰਨਵਾਡ ਪੂੰਜੀਵਾਦੀ ਤਾਕਤਾਂ ਨੂੰ ਲਾਭ ਦਿਵਾਉਣ ਲਈ ਕਰ ਰਿਹਾ ਹੈ।

ਸੰਯੁਕਤ ਰਾਜ ਅਮਰੀਕਾ ਨੇ ਸੋਵੀਅਤ ਸੰਘ ਅਤੇ ਸਮਾਜਵਾਦੀ ਖੇਮੇ ਦੇ ਪਤਨ ਦੇ ਬਾਅਦ ਵਾਲੇ 1990 ਦੇ 10 ਸਾਲ ਦੀ ਸ਼ੁਰੂਆਤ ਵਿੱਚ ਆਜ਼ਾਦ ਵਿਉਪਾਰ ਵਿਸ਼ਵੀਕਰਨ ਦੇ ਨਵੀਂ ਆਰਥਿਕ ਕੌਮਾਂਤਰੀ ਹਾਲਤ ਵਿੱਚ ਅਗਵਾਈ ਕਰਤਾ ਵਾਲੀ ਭੂਮਿਕਾ ਨਿਭਾਈ ਹੈ। ਇੱਕ ਧਰੁਵੀ (ਜਿਸ ਦੀ ਜ਼ਿਆਦਾ ਦੇਸ਼ਾਂ 'ਤੇ ਸਰਦਾਰੀ ਹੋਵੇ) ਦੁਨੀਆ ਦੇ ਪੈਦਾ ਹੋਣ ਅਤੇ ਅਫਗਾਨਿਸਤਾਨ ਤੇ ਇਰਾਕ ਵਿੱਚ ਯੁੱਧਾਂ ਦੀ ਸ਼ੁਰੂਆਤ ਦੇ ਬਾਵਜੂਦ ਕੌਮਾਂਤਰੀ ਪੂੰਜੀਵਾਦ ਨੂੰ 2007 ਦੀ ਮਹਾਨ ਮੰਦੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ। ਇਸ ਮੰਦੀ ਨੇ ਕੇਵਲ ਨਿਗਮਾਂ ਵਿੱਚ ਬਲਕਿ ਰਾਜਾਂ ਵਿੱਚ ਵੀ ਪੂੰਜੀਵਾਦੀ ਗਤੀਵਿਧੀ ਨੂੰ ਤੇਜ਼ ਕਰ ਦਿੱਤਾ ਅਤੇ ਬਾਅਦ ਵਿੱਚ ਵਿਉਪਾਰ ਜੰਗਾਂ ਨੇ ਵਿਸ਼ਵ ਵਿਉਪਾਰ ਸੰਗਠਨ (ਡਬਲਿਊ ਟੀ ਓ) ਨੂੰ ਗਤੀਹੀਣ ਬਣਾ ਦਿੱਤਾ। ਇਸ ਤਰ੍ਹਾਂ ਇਲਾਕਾਈ ਆਜ਼ਾਦ ਵਿਉਪਾਰ ਸੌਦਿਆਂ ਅਤੇ ਖੇਤਰੀ ਬਲਾਕਾਂ, ਜਿਵੇਂ ਟਰਾਂਸ-ਪੈਸੇਫਿਕ ਪਾਰਟਨਰਸ਼ਿਪ (ਟੀ ਪੀ ਪੀ), ਨਾਫਟਾ ਅਤੇ ਬਰੇਕਿਸਟ ਨੂੰ ਸੀਮਤ ਕੀਤਾ। ਚੀਨ ਅਤੇ ਰੂਸ ਦੀ ਆਰਥਿਕ ਤਾਕਤ ਵਧਣ ਦੇ ਨਾਲ, ਅਮਰੀਕਾ ਅਤੇ ਚੀਨ ਦੇ ਵਿਚਕਾਰ ਵਿਉਪਾਰ ਯੁੱਧ ਵਿਸ਼ਵ ਖੇਤਰ ਵਿੱਚ ਇੱਕ ਰੋਜ਼ਮਰਾ ਦਾ ਵਿਵਹਾਰ ਬਣ ਗਿਆ ਹੈ।

ਅਮਰੀਕਾ ਵਿੱਚ ਨਵੇਂ ਆਰਥਿਕ ਪ੍ਰਬੰਧ ਨੂੰ ਲਾਗੂ ਕਰਨ ਦੇ ਬਾਅਦ ਨਿੱਜੀਕਰਨ ਨੂੰ ਨਿਰੰਤਰ ਤੇ ਬੇਰਹਿਮੀ ਨਾਲ ਲਾਗੂ ਕੀਤਾ ਗਿਆ। ਰਾਜ ਕਰਦੇ ਵਰਗ ਨੇ ਆਮ ਪੂੰਜੀ ਦੇ ਵਾਧੇ ਦੀ ਲਗਾਤਾਰਤਾ ਨੂੰ ਖਤਮ ਕਰ ਦਿੱਤਾ ਅਤੇ ਮਜ਼ਦੂਰਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਹਮਲਿਆਂ ਦਾ ਖਾਸ ਉਦੇਸ਼ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਨੁਕਸਾਨ ਪਹੁੰਚਾਉਣਾ ਅਤੇ ਟਰੇਡ ਯੂਨੀਅਨ ਨੂੰ ਗਤੀਹੀਣ ਬਣਾਉਣਾ ਹੈ। ਅਮਰੀਕੀ ਨਵੇਂ ਆਰਥਿਕ ਪ੍ਰਬੰਧ ਨੇ ਹੋਰ ਦੇਸ਼ਾਂ, ਖਾਸ ਕਰਕੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਨੂੰ ਜੋ ਆਪਣੇ ਰਾਜ ਦੁਆਰਾ ਚਲਾਏ ਜਾ ਰਹੇ ਕੰਮ ਹਨ, ਉਨ੍ਹਾਂ ਦਾ ਨਿੱਜੀਕਰਨ ਕਰਨ, ਜਦੋਂ ਲੋੜ ਹੈ ਤੇ ਮਜ਼ਦੂਰ ਨੂੰ ਕੰਮ 'ਤੇ ਰੱਖ ਲੈਣ ਅਤੇ ਜਦੋਂ ਜੀ ਕੀਤਾ, ਕੰਮ ਤੋਂ ਕੱਢਣ ਦੀ ਨੀਤੀ ਲਾਗੂ ਕਰਕੇ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਖਤਮ ਕਰਨ ਲਈ ਮਜਬੂਰ ਕੀਤਾ ਹੈ, ਜਿਸ ਨਾਲ ਲੱਖਾਂ ਮਜ਼ਦੂਰਾਂ ਦੇ ਰੁਜ਼ਗਾਰ ਦੀ ਸੁਰੱਖਿਆ ਖਤਰੇ ਵਿੱਚ ਪਈ ਹੋਈ ਹੈ।

ਭਵਿੱਖ ਵਿੱਚ ਦੁਨੀਆ ਸਾਮਰਾਜਵਾਦ ਦੇ ਇੱਕ ਨਵੇਂ ਦੌਰ ਵਿੱਚ ਸੰਯੁਕਤ ਰਾਜ ਅਮਰੀਕਾ ਦੀ ਅਗਵਾਈ ਤਹਿਤ ਇੱਕ ਧਰੁਵੀ ਵਿਸ਼ਵ ਹਾਲਤ ਦੇ ਨਵੇਂ ਦੌਰ ਵਿੱਚ ਪ੍ਰਵੇਸ਼ ਕਰ ਚੁੱਕੀ ਹੈ, ਜੋ ਪਿਛਲੇ ਦਿਨੀਂ ਬਹੁਧਰੁਵੀ (ਜਦੋਂ ਸੱਤਾ ਦੋ ਜਾਂ ਵਧੇਰੇ ਤਾਕਤਾਂ ਵਿੱਚ ਵੰਡੀ ਹੋਵੇ) ਵਿਸ਼ਵ ਦੇ ਪੈਦਾ ਹੋਣ ਦੇ ਨਾਲ ਹੀ ਹੌਲੀ-ਹੌਲੀ ਕਮਜ਼ੋਰ ਹੁੰਦੀ ਰਹੀ ਹੈ। ਇਨ੍ਹਾਂ ਘਟਨਾਕ੍ਰਮਾਂ ਨੇ ਵਿਸ਼ਵ ਪੂੰਜੀਵਾਦੀ ਹਾਲਤ ਨੂੰ ਗੰਭੀਰ ਰੂਪ ਨਾਲ ਫਿਕਰਮੰਦ ਕਰ ਦਿੱਤਾ ਹੈ। ਆਖਿਰਕਾਰ ਟਰੰਪ ਨੇ ਪੜਦਾ ਹਟਾ ਦਿੱਤਾ ਹੈ ਅਤੇ ਸ਼ੁੱਧ ਅਮਰੀਕੀ ਅਗਵਾਈ ਕਰਤਾ ਅਤੇ ਪੂੰਜੀ ਨੂੰ ਇਕੱਠਾ ਕਰਨ ਦਾ ਰਸਤਾ ਤੇਜ਼ ਕਰਨ ਵਾਲਾ ਅਪਨਾ ਲਿਆ ਹੈ। ਉਨ੍ਹਾਂ ਨੇ ਸੰਯੁਕਤ ਰਾਜ ਅਮਰੀਕਾ ਵੱਲੋਂ ਮਦਦ (ਯੂ ਏ ਐੱਸ ਏ ਆਈ ਡੀ- ਕਿਸੇ ਖਾਸ ਮਿਸ਼ਨ ਨੂੰ ਪ੍ਰਾਪਤ ਕਰਨਾ) ਨੂੰ ਖਤਮ ਕਰ ਦਿੱਤਾ, ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਤੋਂ ਅਲੱਗ ਹੋ ਗਏ ਅਤੇ ਤੀਸਰੀ ਦੁਨੀਆ ਨੂੰ ਅਮਰੀਕੀ ਫੰਡਿੰਗ (ਕਿਸੇ ਖਾਸ ਕੰਮ ਲਈ ਦਿੱਤਾ ਜਾਣ ਵਾਲਾ ਧਨ) ਵਿੱਚ ਕਟੌਤੀ ਕਰ ਦਿੱਤੀ ਹੈ। ਉਨ੍ਹਾਂ ਨੇ ਨਾਟੋ ਲਈ ਵੀ ਅਮਰੀਕਾ ਫੰਡਿੰਗ ਵਿੱਚ ਕਟੌਤੀ ਕਰਨ ਦੀ ਧਮਕੀ ਦਿੱਤੀ ਹੈ। ਟਰੰਪ ਰੂਸ, ਚੀਨ, ਯੋਰਪੀਅਨ ਸੰਘ ਅਤੇ ਕੁਝ ਹੱਦ ਤੱਕ ਭਾਰਤ, ਬ੍ਰਾਜ਼ੀਲ ਦੇ ਨਾਲ ਵਿਉਪਾਰ ਦੀ ਆਸ ਖਤਮ ਕਰ ਲੈਣ ਮਗਰੋਂ ਆਪਣੇ ਵਰਗੇ ਪੂੰਜੀਵਾਦੀਆਂ ਨਾਲ ਰਲ ਕੇ ਨੰਗਾ ਪੂੰਜੀਵਾਦ ਅਤੇ ਸ਼ੋਸ਼ਣ ਦੇ ਸਿੱਧੇ ਸਪੱਸ਼ਟ ਤਰੀਕਿਆਂ ਨੂੰ ਵਾਪਸ ਲਿਆਉਣ ਦੀ ਨੀਤੀ 'ਤੇ ਚੱਲ ਰਿਹਾ ਹੈ। ਟਰੰਪ ਸਾਰੇ ਪਿਛਲੇ ਅਦਾਰਿਆਂ ਦਾ ਸਿਰਫ ਇਸ ਲਈ ਤ੍ਰਿਸਕਾਰ ਕਰ ਰਿਹਾ ਹੈ ਤਾਂ ਕਿ ਉਹ ਅਮਰੀਕਾ ਨੂੰ ਇਸ ਪੁਜ਼ੀਸ਼ਨ ਵਿੱਚ ਲੈ ਆਉਣ ਕਿ ਇੱਕ ਨਵੇਂ ਵਿਉਪਾਰ ਯੁੱਧ ਦੇ ਲਾਭ ਦਾ ਸਭ ਤੋਂ ਵੱਡਾ ਹਿੱਸਾ ਅਮਰੀਕਾ ਨੂੰ ਹਾਸਲ ਹੋ ਜਾਵੇ।

ਟਰੰਪ ਸਾਰੇ ਆਪਣੇ ਹਮਾਇਤੀਆਂ ਨਾਲ ਵਿਸ਼ੇਸ਼ ਰੂਪ ਵਿੱਚ ਚੀਨ ਨੂੰ ਪਿੱਛੇ ਧੱਕਣ ਲਈ ਅਮਰੀਕੀ ਸੈਨਾ ਨੂੰ ਫਿਰ ਤੋਂ ਹਥਿਆਰਬੰਦ ਕਰਨ ਦਾ ਪਰਿਆਸ ਕਰ ਰਿਹਾ ਹੈ। ਟਰੰਪ ਆਜ਼ਾਦੀ ਦੀ ਮੰਗ ਕਰਨ ਵਾਲੇ ਫਲਸਤੀਨੀਆਂ ਦੇ ਖਿਲਾਫ ਇੱਕ ਘਿਨਾਉਣਾ ਨਸਲਵਾਦੀ ਯੁੱਧ ਚਲਾ ਰਿਹਾ ਹੈ। ਉਨ੍ਹਾਂ ਭੂਮੀ ਸੁਧਾਰਾਂ ਨੂੰ ਲਾਗੂ ਕਰਨ ਲਈ ਦੱਖਣੀ ਅਫਰੀਕਾ ਦੇ ਵਿਰੁੱਧ ਕਈ ਵਿਸ਼ੇਸ਼ ਰੋਕਾਂ ਵੀ ਲਾਈਆਂ ਹਨ। ਇਹ ਧਿਆਨ ਦਿੱਤਾ ਜਾਣਾ ਚਾਹੀਦਾ ਕਿ ਆਜ਼ਾਦੀ ਦੇ ਤਿੰਨ ਦਹਾਕਿਆਂ ਦੇ ਬਾਅਦ ਵੀ ਨਸਲਵਾਦੀ ਇਜ਼ਰਾਈਲੀ ਜਿਨ੍ਹਾਂ ਦੀ ਆਬਾਦੀ ਕੁੱਲ ਵਸੋਂ ਦੀ ਸਿਰਫ 7 ਫੀਸਦੀ ਹੈ, ਉਨ੍ਹਾਂ ਕੋਲ 70 ਫੀਸਦੀ ਭੂਮੀ ਹੈ, ਜਦੋਂ ਕਿ ਉਸ ਦੇਸ਼ ਵਿੱਚ ਵੱਡੀ ਵਸੋਂ ਫਲਸਤੀਨੀ ਜੋ ਭੂਮੀਹੀਣ ਹੈ, ਉਹ ਗੁਰਬਤ ਭਰਿਆ ਜੀਵਨ ਬਤੀਤ ਕਰ ਰਹੀ ਹੈ।

ਪਿਛਲੇ ਤਿੰਨ ਦਹਾਕਿਆਂ ਵਿੱਚ ਚੀਨ ਇੱਕ ਮਜ਼ਬੂਤ ਵਿਸ਼ਵ ਆਰਥਿਕ ਸ਼ਕਤੀ ਦੇ ਰੂਪ ਵਿੱਚ ਉਭਰਿਆ ਹੈ। ਇਸ ਨੇ ਖੁਦ ਨੂੰ ਇੱਕ ਪੱਛੜੇ ਉਤਪਾਦਨ ਨਾਲ ਦੁਨੀਆ ਦੀ ਨਵੀਂ ਕਾਰਜਸ਼ਾਲਾ ਵਿੱਚ ਬਦਲ ਦਿੱਤਾ ਹੈ। ਚੀਨ ਜੋ ਪਹਿਲਾਂ ਵਿਸ਼ਵ ਪੱਧਰ ਦੇ ਕੁੱਲ ਘਰੇਲੂ ਉਤਪਾਦ ਦਾ ਲੱਗਭੱਗ 1.9 ਫੀਸਦੀਉਤਪਾਦਨ ਕਰਦਾ ਸੀ, 2024 ਵਿੱਚ ਵਿਸ਼ਵ ਪੱਧਰ ਦੇ ਕੁੱਲ ਘਰੇਲੂ ਉਤਪਾਦ ਦੇ ਲੱਗਭੱਗ 19.5 ਫੀਸਦ ਤੱਕ ਉਤਪਾਦਨ ਕਰਨ ਤੱਕ ਪਹੁੰਚ ਗਿਆ ਹੈ। ਚੀਨ ਇਸ ਵੇਲੇ ਦੁਨੀਆ ਦੀ ਦੂਸਰੀ ਸਭ ਤੋਂ ਵੱਡੀ ਅਰਥਵਿਵਸਥਾ ਹੈ ਅਤੇ ਅਨੁਮਾਨ ਹੈ ਕਿ ਜਲਦੀ ਹੀ ਸੰਯੁਕਤ ਰਾਜ ਅਮਰੀਕਾ ਤੋਂ ਅੱਗੇ ਨਿਕਲ ਜਾਏਗਾ। ਨਵੀਂ ਤੋਂ ਨਵੀਂ ਆਰਥਿਕ ਨੀਤੀ ਦੇ ਵਿਸਤਾਰ ਦਾ ਚੀਨ ਇੱਕ ਮਾਤਰ ਲਾਭ ਲੈਣ ਵਾਲਾ ਹੀ ਨਹੀਂ ਹੈ। ਬ੍ਰਾਜ਼ੀਲ, ਭਾਰਤ ਤੇ ਰੂਸ ਅਤੇ ਹੋਰ ਵੀ ਇਲਾਕਾਈ ਆਰਥਿਕ ਹਾਲਤਾਂ ਵੀ ਵਿਕਸਤ ਹੋਈਆਂ ਹਨ। ਸਮਾਨੰਤਰ ਆਰਥਿਕ ਬਲਾਕ 'ਬਰਿਕਸ' ( ਰੂਸ, ਚੀਨ, ਭਾਰਤ, ਬ੍ਰਾਜ਼ੀਲ ਤੇ ਦੱਖਣੀ ਅਫਰੀਕਾ) ਦਾ ਗਠਨ ਕਰਕੇ ਇਨ੍ਹਾਂ ਦੇਸ਼ਾਂ ਨੇ, ਜੋ ਜ਼ਿਆਦਾਤਰ ਦੁਨੀਆ ਦੇ ਦੱਖਣ ਦੀ ਪ੍ਰਤੀਨਿਧਤਾ ਕਰਦੇ ਹਨ, ਜੀ 7 ਅਤੇ ਜੀ 20 ਨੂੰ ਦਰਕਿਨਾਰ ਕਰ ਦਿੱਤਾ ਹੈ। ਬਰਿਕਸ ਦੁਆਰਾ ਡਾਲਰ ਦੀ ਮਹਾਨਤਾ ਨੂੰ ਘੱਟ ਕਰਨ ਅਤੇ ਸਮਾਨਾਂਤਰ ਮੁਦਰਾ ਪ੍ਰਣਾਲੀ ਦਾ ਸਹਾਰਾ ਲੈਣ ਦੇ ਇਰਾਦੇ ਤੋਂ ਚਿੰਤਿਤ ਟਰੰਪ ਨੇ ਹਾਲ ਹੀ ਵਿੱਚ ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਖਤਮ ਕਰਨ ਲਈ ਉੱਚ ਵਿਉਪਾਰ ਟੈਕਸ ਵਧੇਰੇ ਲਗਾਉਣ ਦੀ ਧਮਕੀ ਦਿੱਤੀ ਹੈ।

ਟਰੰਪ ਵੱਲੋਂ ਰੂਸ ਦਾ ਪੱਖ ਲੈਣਾ ਅਤੇ ਚੱਲ ਰਹੇ ਰੂਸ-ਯੂਕਰੇਨ ਯੁੱਧ ਵਿੱਚ ਜੰਗਬੰਦੀ ਲਈ ਵਿਚੋਲਗੀ ਕਰਨ ਪਿੱਛੇ ਟਰੰਪ ਦੀ ਚਾਲ ਰੂਸ ਨੂੰ ਚੀਨ ਤੋਂ ਅਲੱਗ ਕਰਨ ਦੇ ਇੱਕ ਪਰਿਆਸ ਵਾਲੀ ਹੈ। ਇਹ ਪਰਿਆਸ 1970 ਦੇ ਸਾਲਾਂ ਦੀ ਸ਼ੁਰੂਆਤ ਵਿੱਚ ਰਾਸ਼ਟਰਪਤੀ ਨਿਕਸਨ ਦੀ ਚੀਨ ਦੀ ਇਤਿਹਾਸਕ ਯਾਤਰਾ ਦੀ ਯਾਦ ਦਿਵਾਉਂਦਾ ਹੈ। ਹਾਲਾਂਕਿ ਚੀਨ ਅਤੇ ਰੂਸ ਨੇ ਮਜ਼ਬੂਤ ਆਰਥਿਕ, ਸੈਨਾ ਆਦਿ ਗਠਬੰਧਨ ਵਿਕਸਤ ਕੀਤੇ ਹੋਏ ਹਨ। ਚੀਨ ਭਾਰੀ ਮਾਤਰਾ ਵਿੱਚ ਤੇਲ ਅਤੇ ਗੈਸ ਲੈਣ ਲਈ ਰੂਸ 'ਤੇ ਜ਼ਿਆਦਾਤਰ ਨਿਰਭਰ ਹੈ। ਇਸੇ ਤਰ੍ਹਾਂ ਪੱਛਮੀ ਦੇਸ਼ਾਂ ਦੁਆਰਾ ਲਗਾਈਆਂ ਗਈਆਂ ਆਰਥਿਕ ਪਾਬੰਦੀਆਂ ਦੇ ਮੱਦੇਨਜ਼ਰ, ਰੂਸ ਨੂੰ ਆਪਣੀ ਅਰਥਵਿਵਸਥਾ ਨੂੰ ਬਣਾਈ ਰੱਖਣ ਲਈ ਚੀਨ ਤੋਂ ਤਕਨੀਕੀ ਅਤੇ ਆਰਥਿਕ ਸਹਾਇਤਾ ਦੀ ਸਖਤ ਜ਼ਰੂਰਤ ਹੈ। ਇਸ ਲਈ ਟਰੰਪ ਲਈ ਦੋ ਦੋਸਤਾਂ ਨੂੰ ਅਲੱਗ ਕਰਨਾ ਆਸਾਨ ਕੰਮ ਨਹੀਂ ਹੈ।

**ਕੀ ਟਰੰਪ ਸਫਲ ਹੋ ਸਕਦੇ ਹਨ?**

ਆਪਣੀ ਨਵੀਂ ਰਣਨੀਤੀ ਨੂੰ ਲਾਗੂ ਕਰਨ ਵਿੱਚ ਟਰੰਪ ਨੂੰ ਸ਼ੁਰੂ ਤੋਂ ਹੀ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪ ਸ਼ੁਰੂ ਵਿੱਚ ਹੀ ਇੱਕ ਨਾਪਸੰਦ ਰਾਸ਼ਟਰਪਤੀ ਬਣ ਰਹੇ ਹਨ, ਕਿਉਂਕਿ ਉਨ੍ਹਾਂ ਦੇ ਕਾਰਜਕਾਲ ਦੇ ਪਹਿਲੇ ਮਹੀਨੇ ਵਿੱਚ ਹੀ ਉਸ ਦੀ ਸਤਿਕਾਰਿਤ ਪੁਜ਼ੀਸ਼ਨ ਰੇਟਿੰਗ 40 ਫੀਸਦੀ ਤੋਂ ਥੱਲੇ ਰਹੀ ਹੈ। ਕੰਮ ਚਲਾਉਣ ਵਾਲੀਆਂ ਇਕਾਈਆਂ ਨੂੰ ਖਤਮ ਕਰਨਾ, ਹਜ਼ਾਰਾਂ ਮਜ਼ਦੂਰਾਂ ਅਤੇ ਕਰਮਚਾਰੀਆਂ ਨੂੰ ਬਰਖਾਸਤ ਕਰਨਾ, ਨਾਪਸੰਦ ਭੇਦਭਾਵਪੂਰਨ ਲਿੰਗ ਅਤੇ ਨਾਸਮਾਨ ਅਧਿਕਾਰ ਨੀਤੀਆਂ ਨੇ ਇਸ ਨਾਪਸੰਦਗੀ ਵਿਕਾਸ ਵਿੱਚ ਕਾਫੀ ਹੱਦ ਤੱਕ ਯੋਗਦਾਨ ਦਿੱਤਾ ਹੈ। ਉਸ ਦੇ ਅਤੇ ਉਨ੍ਹਾਂ ਦੇ ਕਰੋਨੀ ਕੈਪਟਿਲਿਸ (ਪੂੰਜੀਵਾਦੀ ਆਰਥਿਕ ਹਾਲਤਾਂ ਦਾ ਅਜਿਹਾ ਰੂਪ ਹੈ, ਜਿਸ ਵਿੱਚ ਵਿਉਪਾਰੀਆਂ ਅਤੇ ਸਰਕਾਰੀ ਅਧਿਕਾਰੀਆਂ ਦੇ ਵਿੱਚ ਗੂੜ੍ਹੇ ਸਬੰਧਾਂ ਦੇ ਚੱਲਦੇ ਕਾਰੋਬਾਰ ਵਿੱਚ ਸਫਲਤਾ ਮਿਲਦੀ ਹੈ) ਕੈਬਨਿਟ ਨੂੰ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਲਈ ਨਿਰਸੰਦੇਹ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਦੇ ਆਰਥਿਕ ਕਾਰਜਕ੍ਰਮ ਨੂੰ ਅੱਗੇ ਵਧਾਉਣ ਦੀ ਉਨ੍ਹਾਂ ਦੀ ਕੁਸ਼ਲਤਾ ਦੇ ਲਈ ਭਵਿੱਖਤ ਆਰਥਿਕ ਚੁਣੌਤੀਆਂ ਵੀ ਹਨ। ਨਾਲ ਹੀ ਉਨ੍ਹਾਂ ਨੇ ਅਮੀਰਾਂ ਲਈ ਕਰ ਟੈਕਸਾਂ ਵਿੱਚ ਕਟੌਤੀ ਕਰਨ, ਘਰੇਲੂ ਬੁਨਿਆਦੀ ਢਾਂਚੇ 'ਤੇ ਕਰੋੜਾਂ ਖਰਚ ਕਰਨ (ਅਮਰੀਕੀ-ਮੈਕਸੀਕੋ ਸੀਮਾ 'ਤੇ ਦੀਵਾਰ ਬਣਾਉਣ ਲਈ ਅਰਬਾਂ ਡਾਲਰ), ਲੱਖਾਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੇ ਸੰਬੰਧ ਵਿੱਚ ਵਾਧਾ ਕੀਤਾ ਹੈ। ਇਨ੍ਹਾਂ ਕਦਮਾਂ ਨਾਲ ਨਿਸ਼ਚਿਤ ਰੂਪ ਨਾਲ ਭਾਰੀ ਆਰਥਿਕ ਬੋਝ ਪਵੇਗਾ। ਇਹ ਇੱਕ ਆਰਥਿਕ ਪ੍ਰਮਾਣਤਾ ਹੈ। ਇੰਨ੍ਹਾਂ ਸਭ ਤੋਂ ਇਲਾਵਾ ਬਹੁਰਾਸ਼ਟਰੀ ਪੂੰਜੀ ਉਨ੍ਹਾਂ ਦੀਆਂ ਵਪਾਰਕ ਨੀਤੀਆਂ ਦੀ ਪਾਲਣਾ ਦਾ ਵਿਰੋਧ ਕਰਦੀ ਹੈ। ਵਿਦੇਸ਼ਾਂ ਵਿੱਚ ਅਰਬਾਂ ਡਾਲਰ ਦੇ ਲਾਭ ਲਈ ਧਨ ਲਾਉਣ ਵਾਲੇ ਦਰਜਨਾਂ ਅਮਰੀਕੀ ਬਹੁਰਾਸ਼ਟਰੀ ਨਿਗਮ ਨਿਸ਼ਚਿਤ ਰੂਪ ਨਾਲ ਟਰੰਪ ਦੇ ਉੱਚੇ ਪੱਧਰ ਦੇ ਟੈਕਸ ਅਤੇ ਆਰਥਿਕ ਰਾਸ਼ਟਰਵਾਦ ਦੇ ਖਿਲਾਫ ਲੜ ਰਹੇ ਹਨ। ਪ੍ਰਮਾਣਕਤਾ ਇਹ ਹੈ ਕਿ ਸੰਯੁਕਤ ਰਾਜ ਦੀ ਨਵੇਂ ਆਰਥਿਕ ਪ੍ਰਬੰਧ ਹੇਠ ਵਿਸ਼ਵ ਪੱਧਰ ਦੀ ਅਰਥਵਿਵਸਥਾ ਵਿੱਚ ਗਿਰਾਵਟ ਜਾਰੀ ਹੈ। ਚੀਨ ਕਈ ਵਿਰੋਧਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਵਰਤਮਾਨ ਵਿਉਪਾਰ ਦੇ ਟਕਰਾਵ ਤੋਂ ਲਾਭ ਉਠਾ ਰਿਹਾ ਹੈ। ਟਰੰਪ ਦੇ ਵਿਰੋਧਾਭਾਸੀ (ਇੱਕ ਅਜਿਹਾ ਕਥਨ ਜੋ ਗਲਤ ਜਾਂ ਅਸੰਭਵ ਲਗਦਾ ਹੈ, ਪਰੰਤੂ ਗਹਿਰਾਈ ਵਿੱਚ ਸੋਚਣ ਨਾਲ ਸਮਝ ਆ ਜਾਂਦਾ ਹੈ) ਭਵਿੱਖ ਵਿੱਚ ਉਸ ਦੇ ਆਰਥਿਕ ਰਾਸ਼ਟਰਵਾਦੀ ਕਾਰਜਕ੍ਰਮ ਨੂੰ ਲਾਗੂ ਕਰਨ ਦੀ ਉਸ ਦੀ ਸ਼ਕਤੀ ਨੂੰ ਸੀਮਤ ਕਰ ਸਕਦੇ ਹਨ।

ਦੁਨੀਆ ਭਰ ਦੇ ਮਜ਼ਦੂਰਾਂ ਨੂੰ ਅਮਰੀਕਾ ਦੀਆਂ ਸਾਮਰਾਜਵਾਦੀ ਨੀਤੀਆਂ ਖਿਲਾਫ ਸੰਘਰਸ਼ ਵਿੱਚ ਏਕਤਾ ਵਿਖਾਉਣੀ ਚਾਹੀਦੀ ਹੈ। ਇਸ ਲੜਾਈ ਵਿੱਚ ਵਿਸ਼ਵ ਪੱਧਰ 'ਤੇ ਮਜ਼ਦੂਰ ਵਰਗ ਨੂੰ ਟਰੰਪ ਦੇ ਟੈਰਿਫ (ਵਿਦੇਸ਼ੀ ਚੀਜ਼ਾਂ 'ਤੇ ਟੈਕਸ ਲਗਦਾ) ਅਤੇ ਆਰਥਿਕ ਵਿਉਪਾਰ ਨੀਤੀਆਂ ਦੀ ਪਾਲਣਾ ਦੇ ਖਿਲਾਫ ਲੜਨ ਵਾਲੇ ਤੀਸਰੀ ਦੁਨੀਆ ਦੇ ਦੇਸ਼ਾਂ ਦੇ ਨਾਲ ਗਠਬੰਧਨ ਕਰਨਾ ਚਾਹੀਦਾ ਹੈ। ਅੱਜ ਦੀ ਦੁਨੀਆ ਵਿੱਚ ਵਿਗਿਆਨ ਅਤੇ ਅਰਥਵਿਵਸਥਾ ਮਹਾਨਗਰੀ (ਵੱਡੇ ਸ਼ਹਿਰਾਂ ਵਿੱਚ ਰਹਿਣ ਅਤੇ ਮਿਲਣ ਵਾਲੀਆਂ ਸਹੂਲਤਾਂ ਦਾ ਲਾਭ ਉਠਾਉਣ ਵਾਲੇ) ਹੋ ਗਏ ਹਨ ਅਤੇ ਆਪਸੀ ਮਦਦ ਅਤੇ ਬਰਾਬਰਤਾ ਦੇ ਬਿਨਾਂ ਕੋਈ ਵੀ ਦੇਸ਼ ਭਾਵੇਂ ਕਿੰਨਾ ਵੀ ਸਕਤੀਸਾਲੀ ਕਿਉਂ ਨਾ ਹੋਵੇ, ਉਹ ਲੰਬੇ ਸਮੇਂ ਤੱਕ ਜੀਵਤ ਨਹੀਂ ਰਹਿ ਸਕਦਾ।

**# ਸੰਪਰਕ : 98760-78731**

# ਮੰਤਰ-ਸ਼ਕਤੀ !

**ਡਾ. ਨਿਸ਼ਾਨ ਸਿੰਘ ਰਾਠੌਰ**

ਸਾਢੇ ਕੁ ਛੇਆਂ ਵਰ੍ਹਿਆਂ ਦਾ ਮੇਰਾ ਬੇਟਾ ਪਵਨੂਰ ਪੜ੍ਹਨ ਤੋਂ ਕੰਨੀ ਕਤਰਾਉਂਦਾ ਹੈ। ਉਸ ਦੀ ਮਾਂ ਸਮਝਾਉਂਦੀ ਹੈ ਤਾਂ ਅੱਗਿਓਂ ਟਾਲ- ਮਟੋਲ ਕਰ ਛੱਡਦਾ ਹੈ। ਫੇਰ ਜਦੋਂ ਪੇਪਰ ਆਉਂਦੇ ਹਨ ਤਾਂ ਸਾਰੇ ਗੁਰੂ- ਪੀਰ ਧਿਆਉਣ ਲੱਗਦਾ ਹੈ।

ਇਸ ਵਾਰ ਪੇਪਰ ਵਾਲੇ ਦਿਨ ਆਪਣੀ ਮਾਂ ਨੂੰ ਕਹਿੰਦਾ; ਮੰਮਾ, ਮੈਨੂੰ ਦਹੀਂ 'ਚ ਖੰਡ ਪਾ ਕੇ ਖੁਆਓ ਤਾਂ ਕਿ ਮੇਰਾ ਪੇਪਰ ਵਧੀਆ ਹੋ ਸਕੇ।

ਪੁੱਤ, ਦਹੀਂ-ਖੰਡ ਨਾਲ ਪੇਪਰ ਵਧੀਆ ਨਹੀਂ ਹੁੰਦੇ, ਬਲਕਿ ਮਿਹਨਤ ਨਾਲ ਹੁੰਦੇ ਹਨ। ਉਸ ਦੀ ਮਾਂ ਨੇ ਪਵਨੂਰ ਨੂੰ ਸਮਝਾਉਂਦਿਆਂ ਕਿਹਾ।

ਸ਼ਾਮ ਨੂੰ ਮੈਂ ਪਵਨੂਰ ਨੂੰ ਪੁੱਛਿਆ; ਪੁੱਤ, ਤੈਨੂੰ ਇਹ ਗੱਲ ਕੀਹ ਦੱਸੀ ਹੈ ਕਿ ਦਹੀਂ-ਖੰਡ ਖਾਣ ਨਾਲ ਪੇਪਰ ਵਧੀਆ ਹੁੰਦੇ ਹਨ?

ਅਖੇ, ਯੂ-ਟਿਊਬ 'ਤੇ ਦੇਖਿਆ ਸੀ।

ਮੈਂ ਬਾਲ ਮਨ 'ਤੇ ਪਏ ਇਸ ਪ੍ਰਭਾਵ ਨੂੰ ਸਮਝ ਗਿਆ। ਫੇਰ ਪਵਨੂਰ ਨੂੰ ਸਮਝਾਇਆ ਅਤੇ ਗੱਲ ਉਸ ਦੇ ਪੱਲੇ ਪੈ ਗਈ।

ਹੁਣ ਮੇਰੇ ਦਿਮਾਗ 'ਚ ਇਹ ਗੱਲ ਵਾਰ-ਵਾਰ ਘੁੰਮ ਰਹੀ ਹੈ ਕਿ ਅਜੋਕੇ ਸਮੇਂ ਸੋਸ਼ਲ ਮੀਡੀਆ ਬੱਚਿਆਂ ਦੇ ਮਨਾਂ 'ਤੇ ਕਿਸ ਤਰ੍ਹਾਂ ਦਾ ਪ੍ਰਭਾਵ ਪਾ ਰਿਹਾ ਹੈ?

ਮੈਨੂੰ 35 ਕੁ ਸਾਲ ਪਹਿਲਾਂ ਆਪਣੇ ਦਾਦਾ ਜੀ ਦੀ ਇੱਕ ਗੱਲ ਚੇਤੇ ਆ ਗਈ। ਮੈਂ ਉਦੋਂ 10 ਕੁ ਵਰ੍ਹਿਆਂ ਦਾ ਸੀ। ਸਾਡੇ ਗੁਆਂਢੀ ਨਵੀਂ ਮੱਝ ਲਿਆਏ। ਆਥਣੇ ਧਾਰ ਕੱਢਣ ਲੱਗੇ ਤਾਂ ਮੱਝ ਨੇੜੇ ਨਾ ਲੱਗਣ ਦੇਵੇ। ਸਾਰਾ ਪਰਵਾਰ ਪਰੇਸ਼ਾਨ। ਅਖੇ, ਮੱਝ ਵੀ ਮਹਿੰਗੀ ਲੈ ਲਈ ਤੇ ਧਾਰ ਵੀ ਨਹੀਂ ਕੱਢਣ ਦਿੰਦੀ। ਖ਼ੈਰ,

ਮੇਰੇ ਬਾਪੂ ਜੀ ਧਾਰਮਿਕ ਵਿਚਾਰਾਂ ਦੇ ਧਾਰਨੀ ਸਨ। ਅਕਸਰ ਪਾਠ ਕਰਦੇ ਸਨ। ਉਹ ਆਟੇ ਦਾ ਪੇੜਾ ਬਣਾ ਕੇ ਬਾਪੂ ਜੀ ਕੋਲ ਆ ਗਏ। ਕਹਿੰਦੇ, ਬਾਪੂ ਜੀ, ਮੱਝ ਨਹੀਂ ਮਿਲਦੀ, ਪੇੜਾ ਬਣਾ ਦਿਓ।

ਬਾਪੂ ਜੀ ਨੇ ਆਟੇ ਦਾ ਪੇੜਾ ਹੱਥ 'ਚ ਲੈ ਕੇ ਕੋਈ 'ਮੰਤਰ' ਪੜ੍ਹਿਆ ਤੇ ਉਨ੍ਹਾਂ ਨੂੰ ਫੜਾ ਕੇ ਕਹਿੰਦੇ; ਭਾਈ, ਪਹਿਲਾਂ ਮੱਝ ਨੂੰ ਬਰਸੀਨ ਪਾਉਣਾ ਤੇ ਪਾਣੀ ਪਿਆਉਣਾ, ਫੇਰ ਸ਼ਾਮੀਂ ਧਾਰ ਕੱਢਣਾ। ਉਹੀ ਹੋਇਆ। ਮੱਝ ਮਿਲ ਪਈ।

ਉਹ ਬਾਲਟੀ ਭਰ ਕੇ ਦੁੱਧ ਸਾਡੇ ਘਰ ਦੇ ਗਏ। ਮੈਂ ਬਾਪੂ ਜੀ ਨੂੰ ਪੁੱਛਿਆ ਕਿ ਤੁਸੀਂ ਕਿਹੜਾ ਮੰਤਰ ਪੜ੍ਹਿਆ ਸੀ ਕਿ ਮੱਝ ਨੇ ਦੁੱਧ ਦੇ ਦਿੱਤਾ। ਉਹ ਹੱਸ ਕੇ ਕਹਿਣ ਲੱਗੇ ਕਿ ਮੈਂ ਤਾਂ ਕੋਈ ਮੰਤਰ ਨਹੀਂ ਪੜ੍ਹਿਆ। ਇਹ ਝੱਲੇ ਭੁੱਖੀ ਮੱਝ ਤੋਂ ਦੁੱਧ ਦੀ ਆਸ ਕਰ ਰਹੇ ਸਨ। ਦੂਜੀ ਗੱਲ, ਮੱਝ ਨਵੇਂ ਥਾਂ 'ਤੇ ਓਪਰਾ ਕਰ ਰਹੀ ਸੀ। ਆਥਣੇ ਮੱਝ ਨੂੰ ਪਾਣੀ, ਬਰਸੀਨ ਤੇ ਸਮਾਂ ਮਿਲ ਗਿਆ। ਇਸ ਲਈ ਉਹ ਮਿਲ ਪਈ।

ਮੈਨੂੰ ਗੱਲ ਸਮਝ ਆ ਗਈ। ਮੈਂ ਕਿਹਾ, ਮੈਂ ਕਦੇ ਵਹਿਮਾਂ 'ਚ ਨਹੀਂ ਪਵਾਂਗਾ। ਉਹਨਾਂ ਮੈਨੂੰ ਆਪਣੇ ਕਲਾਵੇ 'ਚ ਲੈ ਕੇ ਕਿਹਾ, ਇਹਨਾਂ ਵਹਿਮਾਂ ਦੇ ਸ਼ੁਰੂ ਹੋਣ ਦੀ ਵੀ ਇਕ ਕਹਾਣੀ ਸੁਣ ਲੈ, ਤੇਰੇ ਕੰਮ ਆਵੇਗੀ।

ਮੈਂ ਕਿਹਾ, ਸੁਣਾਓ।

ਕਹਿਦੇ, ਕਿਸੇ ਘਰ 'ਚ ਇਕ ਬਜ਼ੁਰਗ ਦੇ ਰੋਟੀ ਖਾਣ ਤੋਂ ਬਾਅਦ ਰੋਟੀ ਦੰਦਾਂ 'ਚ ਫਸ ਜਾਇਆ ਕਰੇ। ਉਹ ਰੋਟੀ ਖਾਣ ਮਗ਼ਰੋਂ ਮਾਚਿਸ ਦੇ ਤੀਲੇ (ਡੱਕੇ) ਦੀ ਮੰਗ ਕਰਿਆ ਕਰੇ। ਪੰਜ-ਸੱਤ ਦਿਨ ਤਾਂ ਨੂੰਹ ਬਾਪੂ ਜੀ ਨੂੰ ਮਾਚਿਸ ਦੀ (ਤੀਲੀ) ਦਿੰਦੀ ਰਹੀ ਫੇਰ ਰੋਟੀ ਦੇ ਨਾਲ ਥਾਲੀ 'ਚ ਹੀ ਰੱਖਣ ਲੱਗ ਪਈ।

ਕੁਝ ਕੁ ਵਕਤ ਬਾਅਦ ਬਜ਼ੁਰਗ ਦੀ ਮੌਤ ਹੋ ਗਈ। ਹੁਣ ਨੂੰਹ ਨੇ ਡੱਕਾ ਆਪਣੇ ਪਤੀ ਦੀ ਥਾਲੀ 'ਚ ਰੱਖ ਦਿੱਤਾ। ਪਤੀ ਨੇ ਪੁੱਛਿਆ ਤਾਂ ਕਹਿੰਦੀ, ਇੰਨੇ ਸਾਲਾਂ ਤੋਂ ਥਾਲੀ 'ਚ ਡੱਕਾ ਰੱਖਣ ਦੀ ਆਦਤ ਪੈ ਗਈ ਹੈ। ਨਾਲੇ ਪਿਆ ਰਹਿਣ ਦਿਓ। ਇਸ ਨਾਲ ਬਾਪੂ ਜੀ ਦਾ ਯਾਦ ਆਉਂਦੀ ਰਹੂਗੀ।

ਉਹ ਚੁਪ ਕਰ ਗਿਆ। ਡੱਕਾ ਹੁਣ ਪਤੀ ਦੀ ਥਾਲੀ 'ਚ ਰੱਖਿਆ ਜਾਣ ਲੱਗਾ।

ਫੇਰ ਉਹਨਾਂ ਦਾ ਮੁੰਡਾ ਵਿਆਹਿਆ ਗਿਆ। ਨਵੀਂ ਆਈ ਨੂੰਹ ਪੜ੍ਹੀ- ਲਿਖੀ ਸੀ। ਉਸ ਨੂੰ ਵੀ ਦੱਸਿਆ ਗਿਆ ਕਿ ਥਾਲੀ 'ਚ ਡੱਕਾ ਰੱਖਣ ਦਾ ਆਪਣੇ ਘਰ 'ਚ ਰਿਵਾਜ਼ ਹੈ।

ਉਹ ਵੀ ਉਂਝ ਹੀ ਕਰਨ ਲੱਗੀ। ਹੁਣ ਨਵੀਂ ਵਿਆਹੀ ਨੂੰਹ ਦੇ ਮਨ 'ਚ ਵਿਚਾਰ ਆਇਆ ਕਿ ਕਿਉਂ ਨਾ ਆਪਾਂ ਬਾਪੂ ਜੀ ਦੀ ਯਾਦ 'ਚ ਇਕ ਵੱਡਾ ਸਾਰਾ ਕਿੱਲਾ (ਤੀਲਾ ਰੂਪ) ਵਿਹੜੇ 'ਚ ਗੱਡ ਦੇਈਏ। ਇਸ ਨਾਲ ਬਾਪੂ ਜੀ ਦੀ ਯਾਦ ਵੀ ਆਉਂਦੀ ਰਹੇਗੀ ਤੇ ਮਾਚਿਸ ਦੇ ਡੱਕਿਆਂ ਦੀ ਵੀ ਬਚਤ ਹੋ ਜਾਵੇਗੀ। ਖ਼ੈਰ, ਪਰਿਵਾਰ ਨੇ ਵੱਡਾ ਸਾਰਾ ਕਿੱਲਾ (ਤੀਲਾ) ਵਿਹੜੇ 'ਚ ਗੱਡ ਦਿੱਤਾ। ਕੁਝ ਸ਼ਰਧਾਵਾਨ ਬੀਬੀਆਂ ਨੇ ਮੱਥਾ ਵੀ ਟੇਕਿਆ।

ਕੁਝ ਚਿਰ ਬਾਅਦ ਕੋਈ ਸ਼ਰਧਾਲੂ ਉਸ ਤੀਲੇ (ਕਿੱਲੇ) ਨੂੰ ਲਾਲ ਕੱਪੜਾ ਬੰਨ ਗਿਆ। ਫੇਰ ਕਿਸੇ ਨੇ ਮੌਲੀ ਤੇ ਕਿਸੇ ਨੇ ਦੀਵਾ ਜਗਾਉਣਾ ਸ਼ੁਰੂ ਕਰ ਦਿੱਤਾ।

ਮੈਨੂੰ ਇਹ ਕਹਾਣੀ ਸੁਣ ਕੇ ਬਹੁਤ ਵਧੀਆ ਲੱਗਾ। ਮੈਂ ਉਤਸੁਕਤਾ ਨਾਲ ਪੁੱਛਿਆ, ਫੇਰ ਕੀ ਹੋਇਆ, ਬਾਪੂ ਜੀ?

ਅੱਜਕਲ੍ਹ ਉਥੇ ਮੇਲਾ ਲੱਗਦਾ ਹੈ ਤੇ ਲੋਕਾਂ ਦੀਆਂ ਮੰਨਤਾਂ ਪੂਰੀਆਂ ਹੁੰਦੀਆਂ ਹਨ। ਆਖ ਕੇ ਉਹ ਉੱਚੀ ਹੱਸ ਪਏ। ਕਹਿੰਦੇ, ਪਾਖੰਡ ਦੀ ਸ਼ੁਰੂਆਤ ਇੰਝ ਹੀ ਹੁੰਦੀ ਹੈ।

ਦਾਦਾ ਜੀ ਦੀ ਗੱਲ 100 ਫੀਸਦੀ ਸੱਚ ਹੈ। ਪਾਖੰਡ ਦੀਆਂ ਜੜਾਂ ਕੋਈ ਬਹੁਤੀਆਂ ਮਜ਼ਬੂਤ ਨਹੀਂ ਹੁੰਦੀਆਂ। ਇੱਕੋ ਤਰਕ ਅਤੇ ਸਵਾਲ ਹੀ ਵੱਡੇ ਤੋਂ ਵੱਡੇ ਪਾਖੰਡ ਨੂੰ ਸਕਿੰਡਾਂ ਵਿਚ ਢੇਹ- ਢੇਰੀ ਕਰ ਦਿੰਦਾ ਹੈ। ਪਰ ਇਹ ਸਵਾਲ ਕਰੇਗਾ ਕੌਣ ਕਿਉਂਕਿ ਟੀ ਵੀ ਅਤੇ ਸੋਸ਼ਲ- ਮੀਡੀਆ ਨੇ ਲੋਕਾਂ ਨੂੰ ਪਾਖੰਡ 'ਚ ਜਕੜ ਕੇ ਰੱਖ ਦਿੱਤਾ ਹੈ।

ਸਰ ਜੀ, ਚਾਹ ਪੀ ਲਓ। ਸੇਵਾਦਾਰ ਦੀ ਇਸ ਆਵਾਜ਼ ਨਾਲ ਮੈਂ ਵਰਤਮਾਨ 'ਚ ਮੁੜ ਆਇਆ।

**ਸੰਪਰਕ- 90414-98009**

# ਲਿੰਗ ਭੇਦਭਾਵ ਨੂੰ ਜੜ੍ਹੋਂ ਪੁੱਟਣ ਲਈ ਕਾਨੂੰਨੀ ਸੁਧਾਰਾਂ ਤੋਂ ਵੱਧ ਦੀ ਲੋੜ



ਸੁਰਜੀਤ ਸਿੰਘ ਫਲੋਰਾ

ਇਹ ਬਹੁਤ ਹੀ ਹੈਰਾਨੀਜਨਕ ਖਬਰ ਸੀ ਜਦ ਅਪ੍ਰੈਲ ਅਤੇ ਜੂਨ 2019 ਦੇ ਵਿਚਕਾਰ ਭਾਰਤ ਦੇ ਉੱਤਰਾਖੰਡ ਰਾਜ ਦੇ 132 ਪਿੰਡਾਂ ਵਿੱਚ ਇੱਕ ਵੀ ਕੁੜੀ ਪੈਦਾ ਨਹੀਂ ਹੋਈ ਤਾਂ ਦੁਨੀਆ ਹੈਰਾਨ ਰਹਿ ਗਈ। ਇਨ੍ਹਾਂ ਪਿੰਡਾਂ ਨੂੰ ਜਲਦੀ ਹੀ 'ਨੋ-ਗਰਲ' ਪਿੰਡ ਕਿਹਾ ਜਾਣ ਲੱਗਾ, ਜੋ ਭਾਰਤ ਦੇ ਸਖ਼ਤ ਲਿੰਗ ਵਿਰੋਧੀ ਕਾਨੂੰਨਾਂ ਦੇ ਬਾਵਜੂਦ ਲਿੰਗ ਭੇਦਭਾਵ ਦੀ ਇੱਕ ਭਿਆਨਕ ਹਕੀਕਤ ਨੂੰ ਉਜਾਗਰ ਕਰਦਾ ਹੈ। ਇਸ ਖੁਲਾਸੇ ਨੇ ਇੱਕ ਡੂੰਘਾਈ ਨਾਲ ਜੜ੍ਹਾਂ ਜਮਾ ਸਮਾਜਿਕ ਪੱਖਪਾਤ ਨੂੰ ਉਜਾਗਰ ਕੀਤਾ, ਜੋ ਲਿੰਗ ਸਮਾਨਤਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕਾਨੂੰਨੀ ਦਖਲਅੰਦਾਜ਼ੀ ਦੇ ਬਾਵਜੂਦ ਪ੍ਰਗਟ ਹੁੰਦਾ ਰਹਿੰਦਾ ਹੈ।

ਭਾਰਤ ਇਸ ਸੰਕਟ ਵਿੱਚ ਇਕੱਲਾ ਨਹੀਂ ਹੈ। ਮਾਦਾ ਭਰੂਣ ਹੱਤਿਆ ਅਤੇ ਲਿੰਗ-ਚੋਣ ਵਾਲੇ ਗਰਭਪਾਤ ਦੁਨੀਆ ਦੇ ਕਈ ਹਿੱਸਿਆਂ ਵਿੱਚ ਇੱਕ ਵਿਆਪਕ ਚਿੰਤਾ ਬਣ ਗਏ ਹਨ, ਜੋ ਕਿ ਅਲਟਰਾਸੋਨੋਗ੍ਰਾਫੀ ਅਤੇ ਐਮਨੀਓਸੈਂਟੇਸਿਸ ਵਰਗੀਆਂ ਆਧੁਨਿਕ ਡਾਕਟਰੀ ਤਰੱਕੀਆਂ ਦੁਆਰਾ ਵਧੇ ਹਨ, ਜੋ ਮਾਪਿਆਂ ਨੂੰ ਗਰਭ ਅਵਸਥਾ ਦੇ ਸ਼ੁਰੂ ਵਿੱਚ ਭਰੂਣ ਦੇ ਲਿੰਗ ਦਾ ਪਤਾ ਲਗਾਉਣ ਦੇ ਯੋਗ ਬਣਾਉਂਦੀਆਂ ਹਨ।

ਕੈਨੇਡਾ ਵਰਗੇ ਵੱਡੇ ਤੇ ਵਿਸ਼ਾਲ ਦੇਸ਼ ਵਿੱਚ ਗਰਭਪਾਤ ਇੱਕ ਕਾਨੂੰਨੀ ਅਤੇ ਨਿਯੰਤ੍ਰਿਤ ਡਾਕਟਰੀ ਪ੍ਰਕਿਰਿਆ ਹੈ। ਇਹ ਗਰਭ ਅਵਸਥਾ ਦੌਰਾਨ ਉਪਲੱਬਧ ਹੈ ਅਤੇ ਜਨਤਕ ਤੌਰ 'ਤੇ ਫੰਡ ਪ੍ਰਾਪਤ ਕੀਤਾ ਜਾਂਦਾ ਹੈ। ਹਾਲਾਂਕਿ ਗਰਭਪਾਤ ਸੇਵਾਵਾਂ ਤੱਕ ਪਹੁੰਚ ਖੇਤਰ ਅਨੁਸਾਰ ਵੱਖ-ਵੱਖ ਹੁੰਦੀ ਹੈ।

ਕੈਨੇਡਾ ਵਿੱਚ ਗਰਭਪਾਤ ਕਰਵਾਉਣਾ 1988 ਤੱਕ ਇੱਕ ਅਪਰਾਧ ਸੀ, ਜਦੋਂ ਕੈਨੇਡਾ ਦੀ ਸੁਪਰੀਮ ਕੋਰਟ ਨੇ ਕਾਨੂੰਨ ਨੂੰ ਗੈਰ-ਸੰਵਿਧਾਨਕ ਕਰਾਰ ਦੇ ਦਿੱਤਾ ਸੀ, ਉਦੋਂ ਤੋਂ ਇੱਕ ਔਰਤ ਦੀ ਗਰਭ ਅਵਸਥਾ ਦੇ ਕਿਸੇ ਵੀ ਪੜਾਅ 'ਤੇ ਗਰਭਪਾਤ ਕਾਨੂੰਨੀ ਤੌਰ 'ਤੇ ਜਾਇਜ਼ ਹੈ। ਕੈਨੇਡਾ ਸਿਹਤ ਐਕਟ ਦੇ ਤਹਿਤ ਇੱਕ ਡਾਕਟਰੀ ਪ੍ਰਕਿਰਿਆ ਦੇ ਰੂਪ ਵਿੱਚ ਗਰਭਪਾਤ ਨੂੰ ਜਨਤਕ ਤੌਰ 'ਤੇ ਫੰਡ ਦਿੱਤਾ ਜਾਂਦਾ ਹੈ।

ਜਦ ਕਿ ਸੰਯੁਕਤ ਰਾਸ਼ਟਰ ਆਬਾਦੀ ਫੰਡ ਦੀ 2022 ਦੀ ਇੱਕ ਰਿਪੋਰਟ ਨੇ ਭਾਰਤ, ਚੀਨ, ਅਜ਼ਰਬਾਈਜਾਨ ਅਤੇ ਵੀਅਤਨਾਮ ਨੂੰ ਕੁਝ ਸਭ ਤੋਂ ਵੱਧ ਬੁਰੇ ਲਿੰਗ ਅਨੁਪਾਤ ਵਾਲੇ ਦੇਸ਼ਾਂ ਵਿੱਚ ਸ਼ਾਮਲ ਕੀਤਾ ਹੈ। ਪਿਤਰਸੱਤਾਤਮਕ ਸਮਾਜਾਂ ਵਿੱਚ ਪੁੱਤਰਾਂ ਲਈ ਤਰਜੀਹ – ਛੋਟੇ ਪਰਵਾਰਕ ਰੁਝਾਨਾਂ ਅਤੇ ਲਿੰਗ-ਨਿਰਧਾਰਨ ਤਕਨਾਲੋਜੀ ਤੱਕ ਪਹੁੰਚ ਦੇ ਨਾਲ – ਨੇ ਜਨਸੰਖਿਆ ਦੇ ਅਸੰਤੁਲਨ ਨੂੰ ਗੰਭੀਰਤਾ ਨਾਲ ਲਿਆ ਹੈ, ਜੋ ਔਰਤਾਂ ਦੀ ਵਧਦੀ ਤਸਕਰੀ, ਜ਼ਬਰਦਸਤੀ ਵਿਆਹ ਅਤੇ ਸਮਾਜਿਕ ਅਸਥਿਰਤਾ ਵਰਗੇ ਮੁੱਦਿਆਂ ਨੂੰ ਵਧਾਉਂਦਾ ਹੈ।

ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿੱਚ ਵੀ ਲਿੰਗ-ਚੋਣਵੇਂ ਗਰਭਪਾਤ ਬਾਰੇ ਚਿੰਤਾਵਾਂ ਉੱਭਰ ਰਹੀਆਂ ਹਨ। ਪ੍ਰਜਨਨ ਅਧਿਕਾਰਾਂ ਅਤੇ ਸਰੀਰਕ ਖੁਦਮੁਖਤਿਆਰੀ ਦੇ ਆਲੇ-ਦੁਆਲੇ ਚੱਲ ਰਹੀਆਂ ਬਹਿਸਾਂ ਚਰਚਾ ਨੂੰ ਹੋਰ ਵੀ ਗੁੰਝਲਦਾਰ ਬਣਾਉਂਦੀਆਂ ਹਨ। ਕੁਝ ਲੋਕ ਦਲੀਲ ਦਿੰਦੇ ਹਨ ਕਿ ਲਿੰਗ-ਚੋਣਵੇਂ ਗਰਭਪਾਤ 'ਤੇ ਪਾਬੰਦੀ ਲਗਾਉਣਾ ਔਰਤ ਦੇ ਚੋਣ ਕਰਨ ਦੇ ਅਧਿਕਾਰ 'ਤੇ ਕਬਜ਼ਾ ਕਰਦਾ ਹੈ, ਜਦੋਂ ਕਿ ਦੂਸਰੇ ਮੰਨਦੇ ਹਨ ਕਿ ਉਨ੍ਹਾਂ ਨੂੰ ਇਜਾਜ਼ਤ ਦੇਣ ਨਾਲ ਲਿੰਗ-ਅਧਾਰਤ ਵਿਤਕਰਾ ਕਾਇਮ ਰਹਿੰਦਾ ਹੈ। ਦ੍ਰਿਸ਼ਟੀਕੋਣਾਂ ਦੀ ਇਹ ਵਿਭਿੰਨਤਾ ਦਰਸਾਉਂਦੀ ਹੈ ਕਿ ਇਕੱਲੇ ਵਿਧਾਨਕ ਉਪਾਅ ਲਿੰਗ ਪੱਖਪਾਤ ਨੂੰ ਖਤਮ ਕਰਨ ਲਈ ਨਾਕਾਫ਼ੀ ਹਨ।

ਜਦੋਂ ਕਿ ਕਾਨੂੰਨ ਜ਼ਰੂਰੀ ਰੋਕਥਾਮ ਵਜੋਂ ਕੰਮ ਕਰਦੇ ਹਨ, ਉਨ੍ਹਾਂ ਨੂੰ ਲਾਗੂ ਕਰਨਾ ਇੱਕ ਭਿਆਨਕ ਚੁਣੌਤੀ ਬਣਿਆ ਹੋਇਆ ਹੈ। ਭਾਰਤ ਨੇ 1994 ਵਿੱਚ ਪ੍ਰੀ-ਕੰਸੈਪਸ਼ਨ ਐਂਡ ਪ੍ਰੀ-ਨੇਟਲ ਡਾਇਗਨੌਸਟਿਕ ਟੈਕਨੀਕਸ (ਪੀ ਸੀ ਪੀ ਐਨ ਡੀ ਟੀ) ਐਕਟ ਰਾਹੀਂ ਲਿੰਗ-ਚੋਣਵੇਂ ਗਰਭਪਾਤ 'ਤੇ ਪਾਬੰਦੀ ਲਗਾ ਦਿੱਤੀ ਸੀ, ਫਿਰ ਵੀ ਮਾਦਾ ਭਰੂਣ ਹੱਤਿਆ ਲਗਾਤਾਰ ਜਾਰੀ ਹੈ। ਦੀ ਲੈਂਸੇਟ ਵਿੱਚ ਪ੍ਰਕਾਸ਼ਿਤ 2011 ਦੇ ਇੱਕ ਅਧਿਐਨ ਨੇ ਅੰਦਾਜ਼ਾ ਲਗਾਇਆ ਹੈ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਭਾਰਤ ਵਿੱਚ 12 ਮਿਲੀਅਨ ਤੱਕ ਮਾਦਾ ਭਰੂਣਾਂ ਦਾ ਗਰਭਪਾਤ ਕੀਤਾ ਗਿਆ ਸੀ। ਇਹ ਦ੍ਰਿੜ੍ਹਤਾ ਇੱਕ ਡੂੰਘੀ ਸਮਾਜਿਕ ਬੇਚੈਨੀ ਵੱਲ ਇਸ਼ਾਰਾ ਕਰਦੀ ਹੈ – ਜਿਸ ਨੂੰ ਸਿਰਫ਼ ਕਾਨੂੰਨੀ ਢਾਂਚੇ ਰਾਹੀਂ ਹੀ ਹੱਲ ਨਹੀਂ ਕੀਤਾ ਜਾ ਸਕਦਾ। ਇੱਕ ਕਾਨੂੰਨ ਵਿਵਹਾਰ ਨੂੰ ਨਿਰਧਾਰਤ ਕਰ ਸਕਦਾ ਹੈ, ਪਰ ਇਹ ਰਾਤੋ-ਰਾਤ ਡੂੰਘੀਆਂ ਸੱਭਿਆਚਾਰਕ ਮਾਨਤਾਵਾਂ ਨੂੰ ਨਹੀਂ ਬਦਲ ਸਕਦਾ।

ਹਾਲਾਂਕਿ ਟਿਕਾਊ ਤਬਦੀਲੀ ਨੀਤੀਗਤ ਦਖਲਅੰਦਾਜ਼ੀ ਤੋਂ ਵੱਧ ਦੀ ਮੰਗ ਕਰਦੀ ਹੈ; ਇਸ ਲਈ ਇੱਕ ਸੱਭਿਆਚਾਰਕ ਅਤੇ ਨੈਤਿਕ ਤਬਦੀਲੀ ਦੀ ਲੋੜ ਹੁੰਦੀ ਹੈ। ਨੈਤਿਕਤਾ, ਜੋ ਅਕਸਰ ਇਤਿਹਾਸ ਦੌਰਾਨ ਜਾਂਚੀ ਜਾਂਦੀ ਹੈ, ਕਾਨੂੰਨੀ ਪਾਬੰਦੀਆਂ ਤੋਂ ਪਰੇ ਇੱਕ ਜਗ੍ਹਾ ਰੱਖਦੀ ਹੈ। ਉਹ ਉਨ੍ਹਾਂ ਖੇਤਰਾਂ ਵਿੱਚ ਮਨੁੱਖੀ ਵਿਵਹਾਰ ਨੂੰ ਨਿਯੰਤਰਿਤ ਕਰਦੇ ਹਨ, ਜਿੱਥੇ ਕਾਨੂੰਨ ਨਹੀਂ ਪਹੁੰਚਦਾ। ਕੁਝ ਕਾਨੂੰਨੀ ਹੋ ਸਕਦਾ ਹੈ ਪਰ ਨੈਤਿਕ ਨਹੀਂ। ਨੈਤਿਕ ਕਦਰਾਂ-ਕੀਮਤਾਂ ਵਿੱਚ ਜੜ੍ਹਾਂ ਵਾਲਾ ਸਮਾਜ ਆਪਣੇ ਸਭ ਤੋਂ ਕਮਜ਼ੋਰ ਮੈਂਬਰਾਂ ਦੀ ਸੁਰੱਖਿਆ ਨੂੰ ਤਰਜੀਹ ਦਿੰਦਾ ਹੈ। ਨੈਤਿਕ ਵਿਚਾਰਾਂ ਤੋਂ ਬਿਨਾਂ ਸਿਰਫ਼ ਕਾਨੂੰਨ ਹੀ ਨਾਕਾਫ਼ੀ ਸਾਬਤ ਹੁੰਦੇ ਹਨ। ਇਤਿਹਾਸ ਗਵਾਹ ਹੈ ਕਿ ਨੈਤਿਕ ਮਜ਼ਬੂਤੀ ਦੀ ਅਣਹੋਂਦ ਵਿੱਚ ਕਾਨੂੰਨੀ ਅਧਿਕਾਰ ਅਕਸਰ ਔਰਤਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਿੱਚ ਅਸਫਲ ਰਹੇ ਹਨ।

ਔਰਤਾਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਵਿੱਚ ਨੈਤਿਕਤਾ ਦੀ ਭੂਮਿਕਾ ਨੂੰ ਵਧਾ-ਚੜ੍ਹਾ ਕੇ ਨਹੀਂ ਦੱਸਿਆ ਜਾ ਸਕਦਾ। ਨੈਤਿਕ ਵਿਚਾਰ ਸਮਾਜਾਂ ਦੇ ਨੈਤਿਕ ਕੰਪਾਸ ਨੂੰ ਆਕਾਰ ਦਿੰਦੇ ਹਨ, ਲਿੰਗ ਸਮਾਨਤਾ ਅਤੇ ਮਨੁੱਖੀ ਮਾਣ ਪ੍ਰਤੀ ਰਵੱਈਏ ਨੂੰ ਪ੍ਰਭਾਵਿਤ ਕਰਦੇ ਹਨ। ਸੱਭਿਆਚਾਰਾਂ ਵਿੱਚ ਨੈਤਿਕ ਸਿੱਖਿਆਵਾਂ ਨਿਆਂ, ਨਿਰਪੱਖਤਾ ਅਤੇ ਹਰੇਕ ਵਿਅਕਤੀ ਦੇ ਅੰਦਰੂਨੀ ਮੁੱਲ 'ਤੇ ਜ਼ੋਰ ਦਿੰਦੀਆਂ ਹਨ। ਜਦੋਂ ਭਾਈਚਾਰੇ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅੰਦਰੂਨੀ ਬਣਾਉਂਦੇ ਹਨ, ਤਾਂ ਲਿੰਗ-ਚੋਣਵੇਂ ਗਰਭਪਾਤ ਅਤੇ ਲਿੰਗ-ਅਧਾਰਤ ਪੱਖਪਾਤ ਵਰਗੇ ਵਿਤਕਰੇ ਵਾਲੇ ਅਭਿਆਸ ਸਮਾਜਿਕ ਤੌਰ 'ਤੇ ਅਸਵੀਕਾਰਨਯੋਗ ਬਣ ਜਾਂਦੇ ਹਨ। ਨੈਤਿਕ ਢਾਂਚੇ ਹਮਦਰਦੀ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਦੇ ਹਨ, ਔਰਤਾਂ ਦੇ ਅਧਿਕਾਰਾਂ ਨੂੰ ਸਿਰਫ਼ ਇੱਕ ਕਾਨੂੰਨੀ ਜ਼ਿੰਮੇਵਾਰੀ ਵਜੋਂ ਹੀ ਨਹੀਂ, ਸਗੋਂ ਇੱਕ ਨੈਤਿਕ ਜ਼ਰੂਰੀ ਵਜੋਂ ਬਰਕਰਾਰ ਰੱਖਣ ਲਈ ਇੱਕ ਸਮੂਹਿਕ ਵਚਨਬੱਧਤਾ ਨੂੰ ਉਤਸ਼ਾਹਿਤ ਕਰਦੇ ਹਨ। ਵਿਦਿਅਕ ਸੰਸਥਾਵਾਂ, ਮੀਡੀਆ ਅਤੇ ਧਾਰਮਿਕ ਅਤੇ ਸੱਭਿਆਚਾਰਕ ਸੰਗਠਨ ਨੈਤਿਕ ਸਿਧਾਂਤਾਂ ਨੂੰ ਸ਼ਾਮਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜੋ ਲਿੰਗ ਸਮਾਨਤਾ ਨੂੰ ਸਮਰਥਨ ਦਿੰਦੇ ਹਨ।

ਡਾਕਟਰੀ ਤਰੱਕੀ ਲਈ ਤਿਆਰ ਕੀਤੀਆਂ ਗਈਆਂ ਤਕਨਾਲੋਜੀਆਂ ਦੀ ਦੁਰਵਰਤੋਂ ਲਿੰਗ-ਚੋਣਵੇਂ ਗਰਭਪਾਤ ਦੀ ਸਹੂਲਤ ਲਈ ਕੀਤੀ ਜਾ ਰਹੀ ਹੈ, ਨੈਤਿਕ ਚੇਤਨਾ ਤਕਨੀਕੀ ਤਰੱਕੀ ਦੇ ਨਾਲ ਤਾਲਮੇਲ ਰੱਖਣ ਵਿੱਚ ਅਸਫਲ ਰਹਿੰਦੀ ਹੈ। ਜਦੋਂ ਨੈਤਿਕਤਾ ਵਿਗਿਆਨ ਦੇ ਉਪਯੋਗ ਦੀ ਅਗਵਾਈ ਨਹੀਂ ਕਰਦੀ, ਤਾਂ ਇਹ ਕਮਜ਼ੋਰ – ਖਾਸ ਕਰਕੇ ਔਰਤਾਂ ਹਨ, ਜੋ ਨਤੀਜੇ ਭੁਗਤਦੀਆਂ ਹਨ।

ਇਸ ਨੂੰ ਦੇਖਦੇ ਹੋਏ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਹਿਲਾ ਅਧਿਕਾਰ ਸੰਗਠਨਾਂ ਨੂੰ ਇਹ ਪਛਾਣਨਾ ਚਾਹੀਦਾ ਹੈ ਕਿ ਜਦੋਂ ਕਿ ਕਾਨੂੰਨੀ ਸੁਰੱਖਿਆ ਮਹੱਤਵਪੂਰਨ ਹਨ, ਲਿੰਗ-ਸਮਾਨਤਾ ਵਾਲੇ ਸਮਾਜਾਂ ਨੂੰ ਆਕਾਰ ਦੇਣ ਵਿੱਚ ਨੈਤਿਕ ਵਿਚਾਰ ਵੀ ਬਰਾਬਰ ਮਹੱਤਵਪੂਰਨ ਹਨ। ਨੈਤਿਕਤਾ ਅਤੇ ਕਾਨੂੰਨ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਔਰਤਾਂ ਦੇ ਅਧਿਕਾਰ ਅੰਦੋਲਨਾਂ ਨੂੰ ਆਪਣੇ ਟੀਚਿਆਂ ਨੂੰ ਵਿਆਪਕ ਸਮਾਜਿਕ ਹਿੱਤਾਂ ਨਾਲ ਜੋੜਨਾ ਚਾਹੀਦਾ ਹੈ, ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਮਰਦ ਅਤੇ ਔਰਤਾਂ ਦੋਵੇਂ ਮਨੁੱਖੀ ਬਚਾਅ ਲਈ ਲਾਜ਼ਮੀ ਹਨ।

ਲਿੰਗ ਭੇਦਭਾਵ ਨੂੰ ਜੜ੍ਹੋਂ ਪੁੱਟਣ ਲਈ ਸਿਰਫ਼ ਕਾਨੂੰਨੀ ਸੁਧਾਰਾਂ ਤੋਂ ਵੱਧ ਦੀ ਲੋੜ ਹੈ; ਇਹ ਜ਼ਮੀਨੀ ਪੱਧਰ 'ਤੇ ਡੂੰਘੀ ਨੈਤਿਕ ਵਚਨਬੱਧਤਾ ਦੀ ਮੰਗ ਕਰਦਾ ਹੈ।

**# ਸੰਪਰਕ : 647-829-9397**

CMYK

